

ਧੀ ਜੋ ਹੋਈ
ਨਿੱਕੀ-ਨਿੱਕੀ ਗੱਲ 'ਤੇ ਰੋਸੇ ਪਾਵਣ ਵਾਲ਼ੀ,
ਇੱਕ ਦਾਬੇ ਵਿੱਚ ਮੁੱਕ ਜਾਂਦੀ ਏ ਧੀ ਜੋ ਹੋਈ।
ਜ਼ਫ਼ਰ ਅਵਾਨ

# ਧੀ ਜੋ ਹੋਈ

(.ਗ਼ਜ਼ਲ ਸੰਗ੍ਰਹਿ)

ਸ਼ਾਇਰ
ਜ਼.ਫਰ ਅਵਾਨ

ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ



ISBN No : 978-81-965259-7-2

## ਧੀ ਜੋ ਹੋਈ

(.ਗ਼ਜ਼ਲ ਸੰਗ੍ਰਹਿ)

ਸ਼ਾਇਰ : **ਜ਼.ਫਰ ਅਵਾਨ**
ਕੋਪਨਹਿੰਗਨ, ਡੈਨਮਾਰਕ
ਮੋਬਾ. 004571723350

ਸੰਪਾਦਕ : ਗੁਰਮੀਤ ਸਿੰਘ ਪਲਾਹੀ

ਸਹਿ-ਸੰਪਾਦਕ ਅਤੇ ਲਿਪੀਅਾਂਤਰ : ਕਮਲੇਸ਼ ਸੰਧੂ
ਮੁਹੱਲਾ ਗੋਬਿੰਦਪੁਰਾ, ਖੇੜਾ ਰੋਡ,
ਫਗਵਾੜਾ, ਜ਼ਿਲ੍ਹਾ ਕਪੂਰਥਲਾ (ਪੰਜਾਬ)

ਐਡੀਸ਼ਨ 2024

ਕੀਮਤ - 270 ਰੁਪਏ

ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।

ਕੰਪਿਊਟਰ ਡਿਜ਼ਾਇਨਿੰਗ - ਵਾਲੀਆ ਇੰਟਰਪ੍ਰਾਈਜ਼ਿਜ਼, 98153-78692

ਪ੍ਰਿੰਟਰ ਤੇ ਛਾਪਕ - ਪੰਜਾਬੀ ਵਿਰਸਾ ਟਰੱਸਟ (ਰਜਿ:)
ਪਿੰਡ ਤੇ ਡਾਕਘਰ ਪਲਾਹੀ, ਤਹਿ. ਫਗਵਾੜਾ (ਪੰਜਾਬ), ਮੋ. 98158-02070

## ਚੜ੍ਹਾਵਾ

ਹੱਸਦੀ-ਹੱਸਦੀ ਰੁਕ ਜਾਂਦੀ ਏ ਧੀ ਜੋ ਹੋਈ,
ਦੇਸ ਪਰਾਏ ਲੁਕ ਜਾਂਦੀ ਏ ਧੀ ਜੋ ਹੋਈ।

ਨਿੱਕੀ-ਨਿੱਕੀ ਗੱਲ 'ਤੇ ਰੋਸੇ ਪਾਵਣ ਵਾਲ਼ੀ,
ਇਕ ਦਾਬੇ ਵਿੱਚ ਮੁੱਕ ਜਾਂਦੀ ਏ ਧੀ ਜੋ ਹੋਈ।

**ਧੀਆਂ ਰਾਣੀਆਂ ਆਇਜ਼ਾ ਅਲੀ ਅਵਾਨ**
**ਅਤੇ**
**ਅਸ਼ਬਾ ਅਲੀ ਅਵਾਨ ਦੇ ਨਾਂ**



**ਆਇਜ਼ਾ ਅਲੀ ਅਵਾਨ**



**ਅਸ਼ਬਾ ਅਲੀ ਅਵਾਨ**



## ਤਰਤੀਬ


* **ਵੈਲਵਟੱ ਮਿਸਰੇ** 6
* **ਸੁੱਚਾ ਤੇ ਸੁਚੱਜਾ ਸ਼ਾਇਰ ਜ਼ਫ਼ਰ ਅਵਾਨ** 9
* **ਜ਼ਫ਼ਰ ਅਵਾਨ ਦੀ ਸ਼ਾਇਰੀ** 15
* **ਨਿਵੇਕਲੀ ਫ਼ਿਜ਼ਾ ਦਾ ਸ਼ਾਇਰ** 18
* **ਸੋਹਣੇ ਖ਼ਿਆਲਾਂ ਦੀ ਸ਼ਾਇਰੀ ਦਾ ਮਜਮੂਆ** 20
* **ਮੈਂ ਤੇ ਮੇਰੀ ਮਾਂ ਬੋਲੀ** 22

1. ਰੱਬ ਸੋਹਣੇ ਨੇ ਅਪਣਾ ਕਰਮ ਕਮਾਇਆ ਏ 24
2. ਸੋਚ ਨੂੰ ਸੁੱਚਾ ਹੋਵਣ ਦੇ 25
3. ਪਾਕ ਹੁਸੈਨ ਦੇ ਗੀਤ ਮੈਂ ਗਾਵਾਂ 26
4. ਹੱਕ 'ਤੇ ਖੜਨਾ ਹੁਸੈਨ ਤੋਂ ਸਿੱਖੋ 27
5. ਹੱਸਦੀ-ਹੱਸਦੀ ਰੁਕ ਜਾਂਦੀ ਏ ਧੀ ਜੋ ਹੋਈ 28
6. ਢੋਲੇ ਮਾਹੀਏ ਟੱਪੇ ਗਾਵਾਂ ਵਤਨਾਂ 'ਤੇ 29
7. ਚਾਨਣ ਤੋਂ ਬਿਨ ਕਰ ਨਾ ਸਕਿਆ ਅੰਬਰਵਾਸ ਗੁਜ਼ਾਰਾ 30
8. ਝੱਲ ਪਲਕਾਂ ਦੀ ਮਾਰ ਵੇ ਢੋਲਾ ਚਿੱਤ ਸੜਦੈ 31
9. ਕਿਹੜਾ ਬਚਿਆ ਕਿਹੜਾ ਫਸਿਆ ਦੱਸਾਂਗੇ 32
10. ਸਾਹ ਹਾੜੇ ਪਾਉਂਦੇ ਨੇ ਅੱਜ ਰੂਹ ਕੁਰਲਾਈ ਏ 33
11. ਸੱਧਰਾਂ ਨੂੰ ਪਰਚਾਅ ਮੈਂ ਛੇਤੀ ਆਵਾਂਗਾ 34
12. ਨੱਕੋ ਨੱਕ ਤੂੰ ਕੀਤਾ ਸੀ ਮੈਂ ਭੁੱਲਿਆ ਨਈਂ 35
13. ਝੂਠ ਗ਼ਲੂ ਦੇ 'ਨ੍ਹੇਰੇ ਕੱਢ ਦੇ ਸ਼ਿਅਰਾਂ 'ਚੋਂ 36
14. ਮੈਂ ਧਰਤੀ ਦੀ ਤਹਿ ਨੂੰ ਤੋਲ ਕੇ ਬੈਠਾ ਵਾਂ 37
15. ਸਿਖ਼ਰ ਦੁਪਹਿਰੇ 'ਨ੍ਹੇਰਾ ਹੋਇਆ ਅੱਲਾ ਖ਼ੈਰ ਕਰੇ 38
16. ਢੋਲਣ ਮੇਰੇ ਅੱਖਰਾਂ ਅੰਦਰ 39
17. ਬਾਬਲ ਰੋਇਆ ਜੰਮ ਕੇ ਮੈਨੂੰ ਮਾਂ ਕੁਰਲਾਈ 40
18. ਛੱਤਣ ਲੱਗਿਆ ਪੱਕੇ ਕੋਠੇ 41
19. ਪਰਦੇਸਾਂ ਵਿੱਚ ਖੱਜਲ ਹੋਇਆ ਖ਼ਾਕ ਜਵਾਨੀ ਕਰਕੇ 42
20. ਤੂੰ ਬੂਹੇ 'ਤੇ ਆਣਾ ਛੱਡਿਆ 43
21. ਸ਼ੇਰਾਂ ਹੋਵਣ ਕਲਮ-ਕੱਲਾ ਬੈਠਾ ਏ 44
22. ਅਹਿ ਨਾ ਸਮਝੀਂ ਥੁੜ੍ਹ ਕੇ ਆਇਆ 45
23. ਕੰਧਾਂ ਕੋਠੇ ਰੋਵਣਗੇ ਮੈਂ ਰੋਣਾ ਨਈਂ 46
24. ਸ਼ਾਲਾ ਹੋਣ ਅਤਾ ਕੁਝ ਮਿਸਰੇ 47
25. ਪਿਛਲੀ ਉਮਰ ਜਨਾਜ਼ਾ ਚੁੱਕਿਆ ਮੋਢੇ ਉੱਤੇ ਫ਼ਰਜ਼ਾਂ ਦਾ 48
26. ਮੂੰਹ ਤੇਰੇ ਤੇ ਸੱਚ ਕਹਿਣਾ ਏ ਸੁਣ ਲੈ ਸ਼ਾਹਾ 49
27. ਮਨ ਮੰਦਰ ਵਿੱਚ ਸ਼ੈਤਾਨ ਨਾ ਰੱਖ 50
28. ਤੇਰੀ ਖ਼ਾਤਰ ਦਰਿਆ ਨਾਲ਼ ਜੇ ਭਿੜਿਆ ਨਈਂ 51
29. ਸ਼ਾਮੋ-ਸ਼ਾਮੀ ਡੁੱਬੇ ਤਾਰੇ 52
30. ਗੱਲ ਗੱਲ ਤੇ ਡਰਨਾ ਠੀਕ ਨਹੀਂ 53
31. ਅੱਖਾਂ ਭੁੱਖੀਆਂ ਰੱਜੇ ਅੱਥਰੂ 54
32. ਹਾਵਾਂ ਵਿੱਚ ਪਰੋ ਕੇ ਲਿਖਿਆ 55
33. ਨੇਕੀ ਕਰ ਦਰਿਆ ਨਈਂ ਪਾਣੀ 56
34. ਕਿਹੜਾ ਦਰ ਖੜਕਾਵਾਂ ਮੌਲਾ 57
35. ਸੋਹਣਾ ਦਰਦ ਹੰਢਾ ਕੇ ਬੈਠਾ 58
36. ਸੋਗ ਸਿਆਪੇ ਹਾਵਾਂ ਹੌਕੇ 59
37. ਰੰਗਾਂ ਦੇ ਵਿੱਚ ਘੋਲ਼ ਕੇ ਚੀਕਾਂ 60
38. ਦਿਸਣ ਆਲ਼ ਦਵਾਲ਼ੇ ਖ਼ਤਰੇ 61
39. ਮੌਤਾਂ ਦਾ ਸਾਮਾਨ ਬਣਾਈ ਬੈਠੇ ਆਂ 62
40. ਚਿਤ ਦੇ ਨਾਲ਼ ਕਰਾਂ ਤਕਰਾਰ 63
41. ਦਿਲ ਦੀ ਰਹਿਣੀ ਦਿਲ ਦੇ ਅੰਦਰ 64
42. ਲੇਖਾਂ ਪਿੱਟਿਆ ਹੱਸ ਨਈਂ ਸਕਦਾ 65
43. ਪੀੜਾਂ ਦੇ ਵੱਸ ਪਾ ਜਾਂਦਾ ਏਂ 66
44. ਜੇ ਟੁਰਿਆ ਤੇ ਰੁਕਣਾ ਨਈਂ ਮੈਂ 67
45. ਵੱਖਰਾ ਝੁੱਗਾ ਪਾਇਆ ਕਾਹਨੂੰ 68

46. ਡਾਕੂ ਫਿਰਦੇ ਨਗਰੀ ਅੰਦਰ 69
47. ਸਿਰ ਦੇ ਕੇ ਸਿਰਨਾਵਾਂ ਲਿਖਿਆ 70
48. ਅਪਣੇ ਆਪ ਨੂੰ ਮਾਰ ਲਿਆ ਏ 71
49. ਡਰ ਦਾ ਪਰਬਤ ਚੜ੍ਹਨਾ ਪੈਣਾ 72
50. ਵਿਛੜਨ ਦੀ ਅੱਜ ਬਰਸੀ ਏ 73
51. ਡੁੱਬੇ ਬੇੜੇ ਤਾਰੇ ਨਈਂ ਮੈਂ 74
52. ਜਦ ਪੀੜਾਂ ਵਿੱਚ ਰੋ ਨਾ ਹੋਵੇ 75
53. ਵੇਖ ਸ਼ਿਕਾਰੀ ਜਾਂਦਾ ਏ 76
54. ਅਪਣੇ ਲਈ ਵੀ ਸਰਿਆ ਨਈਂ ਤੂੰ 77
55. ਜਿਹੜਾ ਘਾਰ ਬਣਾ ਸਕਦਾ ਏ 78
56. ਪਾਲਣ ਵਾਲ਼ੇ ਤੱਕਦੇ ਰਹਿ ਗਏ 79
57. ਮੈਂ ਤੇ ਜੰਦਰਾ ਲਾ ਨਈਂ ਹੋਇਆ 80
58. ਕਾਤਲ ਨੂੰ ਮਨਾਇਆ ਅੱਜ ਆਪੇ 81
59. ਤੂੰ ਕਹਿਨਾ ਏ ਮਰ ਜਾਣਾ ਏ ਮੈਂ ਨਈਂ ਮਰਨਾ 83
60. ਖਾਕੀ ਚਿੱਟੇ ਕਾਲੇ ਪੱਥਰ 84
61. ਕੱਖ ਜਦ ਭਾਰੇ ਹੋਵਣਗੇ 85
62. ਗਲੀਆਂ ਵਿੱਚ ਫਿਰਦੇ ਮਸ਼ਟੰਡੇ 86
63. ਧੜਕਣ ਦੇ ਵਿੱਚ ਹੜ੍ਹ ਵੇ ਮਾਹੀਆ 87
64. ਗੋਰੇ ਹੱਥ ਨੂੰ ਪੀਲਾ ਕਰ ਲੈ 88
65. ਹੱਥਾਂ ਦੇ ਵਿੱਚ ਹੱਥ ਨਾ ਪਾਈਂ 89
66. ਸਾਹਵਾਂ ਵਿੱਚ ਜੇ ਸਾਹ ਨਾ ਹੁੰਦਾ 90
67. ਫੁੱਲ ਦਾ ਸੀਨਾ ਫੋਲ ਕੇ ਬੈਠਾ 91
68. ਸਾਰੇ ਦਾਗ਼ ਛੁਪਾ ਆਇਆ ਵਾਂ 92
69. ਰਲ਼-ਮਿਲ਼ ਸਾਰੇ ਹੋਲੀ ਖੇਡੋ ਸਾਡਾ ਲਹੂ ਪਚਕਾਰੋ 93
70. ਸੱਪ ਹਿਜਰ ਦੇ ਡੱਸਿਆ ਬਚਣਾ ਔਖਾ ਏ 94
71. ਮੇਰਾ ਦੌਰ ਨਵਾਂ ਏ ਕਾਹਨੂੰ ਲਿਖਾਂ ਗੀਤ ਪੁਰਾਣੇ 95
72. ਇਲਮ ਦੇ ਮੋਤੀ ਫ਼ਿਕਰ ਦੀ ਡੋਰੀ ਦੇ ਵਿੱਚ ਆਪਾਂ ਜੜਦੇ ਨਈਂ 96
73. ਭੇਦ ਸਮੇਂ ਦੇ ਕਿਸਰਾਂ ਖੁੱਲ੍ਹਦੇ 97
74. ਤੂੰ ਇਹ ਸਾਡਾ ਯਾਰ ਵੇ ਬੀਬਾ 98
75. ਆਪਾਂ ਤੈਨੂੰ ਦੱਸਣਾ ਭੁੱਲ ਗਏ 99
76. ਕੱਖਾਂ ਵਾਂਙੂ ਰੋਲ ਨਾ ਮਾਹੀ 100
77. ਸੁੱਕੇ ਰੁੱਖ ਹਿਲਾਏ ਕੌਣ 101
78. ਅੱਖਰਾਂ ਨਾਲ਼ ਕਾਹਦਾ ਵੈਰ ਚੰਨਾ 102
79. ਭੁੱਲਣਹਾਰ ਨੂੰ ਰਾਹੇ ਪਾ ਦੇ 103
80. ਛੱਡੇ ਤਖਤ ਹਜ਼ਾਰੇ ਹੀਰੇ 104
81. ਦਾਗ਼ ਪੁਰਾਣੇ ਕੱਜ ਨਾ ਸਕਿਆ 105
82. ਫ਼ਿਕਰਾਂ ਦੀ ਗਲ਼ ਕਫ਼ਨੀ ਸੀਤੀ 106
83. ਜੀਅ ਕਰਦਾ ਏ ਕੋਲ ਬਿਠਾਵਾਂ 107
84. ਜਿਸ ਦੇ ਦਿਲ ਵਿੱਚ ਸ਼ਰ ਨਈਂ ਹੁੰਦਾ 108
85. ਕਮਜ਼ਰਫ਼ਾਂ ਦੀ ਯਾਰੀ ਵੇਖੀ 109
86. ਮਾਂ ਬੋਲੀ ਦਾ ਹਾਲ ਬੁਰਾ ਏ 110
87. ਮੈਂ ਗੀਤ ਵਫ਼ਾ ਦੇ ਗਾਵਾਂਗਾ 111
88. ਮੈਂ ਤੇ ਮੁੱਕੀ ਭੋਰੇ-ਭੋਰੇ 112
89. ਮਿੱਟੀ ਨੂੰ ਜਦ ਰੋਣਾ ਮਿੱਟੀ 113
90. ਮੁਸਤਕਬਿਲ ਤੇ ਹਾਲ ਮੁਬਾਰਕ 114
91. ਰੂਹਾਂ ਦੇ ਪਾੜੇ ਵਿਕਦੇ ਨਈਂ 115
92. ਰੋਗ ਮਿਟਾਵਣ ਮਿੱਠੇ ਬੋਲ 116
93. ਸਭ ਦੇ ਜੀ ਨੂੰ ਜੀ ਨਾ ਹੋਵੇ 117
94. ਸਾਹਵਾਂ ਨਾਲ਼ ਉਧਾਰ ਕਰਾਂਗਾ 118
95. ਸਾਰੇ ਖ਼ਤ ਸੰਭਾਲ਼ੇ ਸੱਜਣਾ 119
96. ਥੋੜ੍ਹੇ ਨੂੰ ਮੰਨ ਲੈਣ ਜ਼ਿਆਦਾ 120
97. ਵੇਚਣ ਨਫ਼ਰਤ ਬੋਲਣ ਮੰਦਾ 121
98. ਵਗਦੇ ਜਾਵਣ ਉਮਰਾਂ ਦੇ ਖੂਹ 122
99. ਅੱਜ 'ਕੱਲਿਆ ਦੱਸਣੀ ਗੱਲ ਤੈਨੂੰ 123
100. ਕੁਨ ਆਖ ਕਾਇਨਾਤ ਬਣਾਈ ਕਰੀਮ ਨੇ 124




# ਵੈਲਵੱਟ ਮਿਸਰੇ

ਪੰਜਾਬੀ ਜ਼ੁਬਾਨ ਵਿੱਚ ਗ਼ਜ਼ਲ ਕਹਿਣਾ ਤੇ ਉਹ ਵੀ ਪੱਕੀ ਪੀਡੀ, ਇਹ ਸਿਰਾਂ ਤੋਂ ਲੰਘਿਆਂ ਦਾ ਕੰਮ ਹੈ। ਖ਼ਾਸ ਕਰਕੇ ਜਦੋਂ ਅੱਜ ਇੱਕ ਖ਼ਾਸ ਤਬਕਾ ਪੰਜਾਬੀ ਨੂੰ ਗ਼ਜ਼ਲ ਦੀ ਜ਼ੁਬਾਨ ਹੀ ਨਹੀਂ ਮੰਨਦਾ। ਹਕੀਕਤ ਵਿੱਚ ਉਹ ਤਬਕਾ ਆਪ ਪੰਜਾਬੀ ਗ਼ਜ਼ਲ ਕਹਿਣ ਵਿੱਚ ਕਾਮਯਾਬ ਨਹੀਂ ਹੋਇਆ। ਪੰਜਾਬੀ ਹੋਵੇ, ਦਰਦਮੰਦ ਹੋਵੇ ਅਤੇ ਗੁੱਝੀਆਂ ਰਮਜ਼ਾਂ ਦਾ ਜਾਣੂ ਹੋਵੇ ਤਾਂ ਪੰਜਾਬੀ ਵਿੱਚ ਉਹ ਗ਼ਜ਼ਲ ਹੋ ਸਕਦੀ ਏ, ਜਿਹੜੀ ਕਿਸੇ ਵੀ ਹੋਰ ਜ਼ੁਬਾਨ ਵਿੱਚ ਕਹੀ ਗਈ ਗ਼ਜ਼ਲ ਨੂੰ ਰਾਹੇ ਪਾ ਦੇਵੇ। ਪੰਜਾਬੀ ਜ਼ੁਬਾਨ ਵਿੱਚ ਘੱਟ ਤੋਂ ਘੱਟ ਲਫ਼ਜ਼ਾਂ ਨਾਲ਼ ਵੱਡੀ ਤੋਂ ਵੱਡੀ ਗੱਲ ਕਹਿ ਦੇਣਾ ਕੋਈ ਗੱਲ ਹੀ ਨਹੀਂ ਤੇ ਇਹ ਗੱਲ ਦੌਰ-ਏ-ਹਾਜ਼ਰ ਦੇ ਪੰਜਾਬੀ ਗ਼ਜ਼ਲਗੋ, ਸ਼ਾਇਰ ਆਪਣੇ ਜਮਾਲੀ ਤੇ ਜਲਾਲੀ ਰੰਗ ਵਿੱਚ ਸਾਬਤ ਕਰ ਰਹੇ ਨੇ। ਇਹੋ-ਜਿਹੇ ਸ਼ਾਇਰਾਂ ਵਿੱਚ ਜ਼ਫ਼ਰ ਅਵਾਨ ਇੱਕ ਖ਼ੂਬਸੂਰਤ ਇਜ਼ਾਫ਼ਾ ਏ ਤੇ ਮੈਂ ਉਹਨੂੰ ਗ਼ਜ਼ਲ ਦਰਬਾਰ ਵਿੱਚ "ਜੀ ਆਇਆਂ" ਆਖਦਾ ਹਾਂ। ਸ਼ਿਅਰ ਵਿਚ ਰਵਾਨੀ, ਸੋਜ਼, ਤੇ ਨਗਮਗ਼ੀ ਆਮ ਖ਼ਿਆਲ ਨੂੰ ਵੀ ਖ਼ਾਸ ਕਰ ਦਿੰਦੀ ਏ ਤੇ ਖ਼ਾਸ ਖ਼ਿਆਲ ਨੂੰ ਅਮਰ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਹੱਥਲੀ ਕਿਤਾਬ ਵਿੱਚ ਜ਼ਫ਼ਰ ਅਵਾਨ ਜਵਾਨੀ ਚੜ੍ਹੀਆਂ ਸੋਚਾਂ ਨਾਲ਼ ਰਵਾਂ-ਦਵਾਂ ਨਜ਼ਰ ਆਉਂਦਾ ਹੈ। ਕਲਾਮ ਵਿੱਚ ਰਵਾਨੀ ਨੇ ਜ਼ਫ਼ਰ ਅਵਾਨ ਨੂੰ ਆਮ ਗ਼ਜ਼ਲਗੋ ਸ਼ਾਇਰਾਂ ਤੋਂ ਮੁਮਤਾਜ਼ ਕਰ ਦਿੱਤਾ ਹੈ।

**ਧੀਆਂ-ਪੁੱਤਰ ਦੇ ਕੇ "ਜ਼ਫ਼ਰੀ"**
**ਮਾਪੇ ਮਾਰ ਮੁਕਾ ਜਾਂਦਾ ਏ।**

**ਮਾਲ ਯਤੀਮਾਂ ਦਾ ਤੂੰ ਖਾਧਾ,**
**ਕਹਿਰ ਖ਼ੁਦਾ ਦਾ ਡਰਿਆ ਨਈਂ ਤੂੰ।**

ਜ਼ਫ਼ਰ ਅਵਾਨ ਦੀ ਸ਼ਾਇਰੀ ਵਿੱਚ ਆਮਦ ਤੇ ਆਵਰਦ ਦਾ ਇੱਕ ਨਿਵੇਕਲਾ ਇਮਤਜ਼ਾਜ ਏ ਹਕੀਕਤ ਵਿੱਚ ਜਦੋਂ ਤੱਕ ਦਿਮਾਗ਼ ਕੰਮ ਕਰਦਾ ਰਹਿੰਦਾ ਹੈ ਤਾਂ ਉਹ ਸ਼ਾਇਰੀ ਆਵਰਦ ਦੀ ਸ਼ਾਇਰੀ ਹੁੰਦੀ ਹੈ ਤੇ ਜਦੋਂ ਗੱਲ ਦਿਮਾਗ਼ੋਂ ਅੱਗੇ ਲੰਘ

ਜਾਵੇ ਤਾਂ ਆਮਦ ਵਾਕਿਆ ਹੁੰਦੀ ਹੈ। ਇੰਝ ਹਜ਼ਰਤ ਪੀਰ ਵਾਰਸ ਸ਼ਾਹ ਹੋਰਾਂ ਮੋਜਬ ਆਮਦ ਉਦੋਂ ਹੀ ਹੁੰਦੀ ਏ, "ਜਦੋਂ ਇਜ਼ਨ ਹਜੂਰੋਂ ਪਾਈਏ ਜੀ।" ਇਸ ਸ਼ਿਅਰੀ ਪਰਾਗੇ ਵਿੱਚ ਜ਼ਫ਼ਰ ਅਵਾਨ ਨੇ ਆਪਣੇ ਖ਼ੁਦ ਸ਼ਨਾਸ ਹੋਣ ਦਾ ਸਬੂਤ ਦਿੱਤਾ ਏ। ਖ਼ੁਦ-ਸ਼ਨਾਸ ਬੰਦਾ ਜਦੋਂ ਜੱਗ ਸ਼ਨਾਸੀ ਲਈ ਦੁਨੀਆ ਦਾ ਮੁਤਾਲਿਆ ਕਰਦਾ ਏ ਤਾਂ ਉਹ ਜ਼ਿੰਦਗੀ ਵਿੱਚ ਈ ਜੱਗ-ਸ਼ਨਾਸੀ ਦੀ ਮੰਜ਼ਲ ਪਾ ਲੈਂਦਾ ਏ। ਜੱਗ-ਸ਼ਨਾਸੀ ਵੱਲ ਜ਼ਫ਼ਰ ਅਵਾਨ ਦਾ ਸਫ਼ਰ ਜਾਰੀ ਏ। ਜਿਸਰ੍ਹਾਂ :

**ਸੱਟ ਤੇਰੀ ਨੂੰ ਇੱਜ਼ਤ ਬਖ਼ਸ਼ੀ ,**
**ਇਹ ਨਾ ਸਮਝੀਂ ਡੋਲ ਕੇ ਬੈਠਾ।**

**ਮਜ਼ਦੂਰਾਂ ਦੇ ਹੱਥ ਵਿੱਚ ਜ਼ਫ਼ਰੀ,**
**ਆਖਰ ਹੋ ਗਏ ਛਾਲੇ ਪੱਥਰ।**

ਇਸ ਕਿਤਾਬ ਵਿੱਚ ਜ਼ਫ਼ਰ ਅਵਾਨ ਨੇ ਪੰਜਾਬੀ ਅਦਬ ਦੇ ਕੱਦ-ਕਾਠ ਦਾ ਤੇ ਉਰਦੂ ਅਦਬ ਦੇ ਕੱਦ-ਕਾਠ ਦਾ ਜਿਹੜਾ ਇੱਕ ਸ਼ਿਅਰ ਵਿੱਚ ਹੀ ਤਕਾਵਲੀ ਜਾਇਜ਼ਾ ਲਿਆ ਏ, ਇੱਥੋਂ ਅੰਦਾਜ਼ਾ ਹੁੰਦਾ ਏ ਜ਼ਫ਼ਰ ਅਵਾਨ ਸਮੁੰਦਰ ਨੂੰ ਕੁੱਜੇ ਵਿੱਚ ਬੰਦ ਕਰਨ ਦਾ ਹੁਨਰ ਵੀ ਜਾਣਦਾ ਏ।

**ਮੀਰ ਤੇ ਗ਼ਾਲਿਬ ਭੁੱਲ ਜਾਵੇਗਾ,**
**ਜਾ ਕੇ ਉਹਨੂੰ ਹੀਰ ਸੁਣਾਵੀਂ।**

ਜ਼ਫ਼ਰ ਅਵਾਨ ਉਮੀਦ ਦਾ ਸ਼ਾਇਰ ਏ, ਨਾ ਉਮੀਦੀ ਨੂੰ ਉਹ ਨੇੜੇ ਵੀ ਫੜਕਣ ਨਹੀਂ ਦਿੰਦਾ। ਜ਼ਫ਼ਰ ਅਵਾਨ ਆਪਣੀ ਹਿੱਕ 'ਤੇ ਮਾਣ ਕਰਨ ਵਾਲਾ ਸ਼ਾਇਰ ਏ। ਜਿਸਰ੍ਹਾਂ :

**ਜੇ ਮੈਂ ਦਿਨ ਵਿੱਚ ਖ਼ੂਨ ਨਾ ਬਾਲ਼ਾ,**
**ਰਾਤੀਂ ਚੰਨ ਦੀ ਲੋਅ ਨਾ ਹੋਵੇ।**

"ਧੀ ਜੋ ਹੋਈ" ਵਿੱਚ ਜ਼ਫ਼ਰ ਅਵਾਨ ਦਾ ਲਹਿਜਾ ਦਿਲਾਂ ਨੂੰ ਮੋਹ ਲੈਣ ਵਾਲ਼ਾ ਏ। ਖੜ੍ਹੀ ਤੋਂ ਖੜ੍ਹੀ ਗੱਲ ਨੂੰ ਵੀ ਉਹ ਇਸ ਤਰ੍ਹਾਂ ਮੁਲਾਇਮ ਕਰਕੇ ਬਿਆਨ ਕਰਦਾ ਏ ਕਿ ਉਹਦੇ ਮਿਸਰੇ ਵੈਲਵੱਟ ਮਿਸਰੇ ਲੱਗਦੇ ਨੇ। ਜਿਸਰ੍ਹਾਂ:

**ਨਿੱਕੀ-ਨਿੱਕੀ ਗੱਲ 'ਤੇ ਰੋਸੇ ਪਾਵਣ ਵਾਲ਼ੀ,**
**ਇੱਕ ਦਾਬੇ ਵਿੱਚ ਮੁੱਕ ਜਾਂਦੀ ਏ ਧੀ ਜੋ ਹੋਈ।**



**ਅੱਜ ਵੀ ਮੈਨੂੰ ਤੇਰਾ ਕਹਿ ਸਭ ਹੱਸੇ ਨੇ,**
**ਖ਼ਵਰੇ ਅੱਜ ਕਿਉਂ ਇਸ ਗੱਲ 'ਤੇ ਮੈਂ ਚਿੜ੍ਹਿਆ ਨਈਂ।**

**ਪੂਰੀ ਦੀਦ ਨਸੀਬ ਨਾ ਹੋਈ,**
**ਹੋ ਗਏ ਅੱਖ ਦੇ ਅੱਗੇ ਅੱਥਰੂ।**

**ਠੇਕੇਦਾਰੀ ਕਾਇਮ ਰਹਿਣੀ,**
**ਹੋਵੇ ਮਸਜਿਦ ਭਾਵੇਂ ਮੰਦਰ।**

ਮੀਆਂ ਮੁਹੰਮਦ ਬਖ਼ਸ਼ ਹੋਰਾਂ ਫ਼ਰਮਾਇਆ ਸੀ,

**"ਜੋ ਸ਼ਾਇਰ ਬੇ-ਪੀੜਾ ਹੋਵੇ,**
**ਸ਼ਿਅਰ ਵੀ ਉਹਦੇ ਰੁੱਖੇ।**
**ਬੇ-ਪੀੜੇ ਥੀਂ ਸ਼ਿਅਰ ਨਾ ਹੁੰਦਾ,**
**ਅੱਗ ਬਿਨ ਧੂੰ ਨਾ ਧੁੱਖੇ।"**

**"ਜਿਸ ਵਿੱਚ ਗੁੱਝੀ ਰਮਜ਼ ਨਾ ਹੋਵੇ ਦਰਦਮੰਦਾਂ ਦੇ ਹਾਲੋਂ,**
**ਬਿਹਤਰ ਚੁੱਪ ਮੁਹੰਮਦ ਬਖ਼ਸ਼ਾ ਸੁਖਨ ਅਜੇਹੇ ਨਾਲ਼ੋਂ।"**

ਸ਼ਿਅਰ ਦਾ ਮਿਆਰ ਅਗਰ ਮੀਆਂ ਮੁਹੰਮਦ ਬਖ਼ਸ਼ ਹੋਰਾਂ ਦੀ ਕਸੌਟੀ 'ਤੇ ਪਰਖਿਆ ਜਾਵੇ ਤਾਂ ਗੱਲ ਬੜੀ ਦੂਰ ਅੱਪੜ ਜਾਂਦੀ ਏ, ਕਿਉਂ ਜੋ ਉਸ ਕਸੌਟੀ 'ਤੇ ਕੋਈ ਪੀਰ ਫ਼ਕੀਰ ਹੀ ਪੂਰਾ ਲਹਿ ਸਕਦਾ ਏ। ਜ਼ਫ਼ਰ ਅਵਾਨ ਬਾਰੇ ਜਾਪਦਾ ਏ ਕਿ ਉਹ ਆਪ ਤੇ ਪੀਰ ਫ਼ਕੀਰ ਨਹੀਂ, ਪਰ ਪੀਰਾਂ ਫ਼ਕੀਰਾਂ ਨੂੰ ਮੰਨਣ ਵਾਲਾ ਜ਼ਰੂਰ ਏ, ਤਾਹੀਓਂ ਤੇ ਕਹਿੰਦਾ ਏ :

**ਮੌਤ ਦਾ ਜਸ਼ਨ ਮਨਾਣਾ "ਜ਼ਫ਼ਰੀ",**
**ਆਈ ਵੇਖ ਕੇ ਲੁਕਣਾ ਨਈਂ ਮੈਂ।**

**ਤਜੱਮਲ ਕਲੀਮ**
**ਚੂਨੀਆ ਪੰਜਾਬ ਪਾਕਿਸਤਾਨ**

# ਸੁੱਚਾ ਤੇ ਸੁਚੱਜਾ ਸ਼ਾਇਰ ਜ਼.ਫਰ ਅਵਾਨ

ਜਿਸ ਬੋਲੀ ਨੂੰ ਸਾਂਭਣ ਵਾਲ਼ੇ ਅਣਖੀ ਪੁੱਤਰ ਜਿਊਂਦੇ ਹੋਵਣ ,ਉਹ ਬੋਲੀ ਕਦੀ ਨਹੀਂ ਮਰਦੀ। ਧਰਤ ਜਿੰਨੀ ਪੁਰਾਣੀ ਪੰਜਾਬੀ ਬੋਲੀ ਨੂੰ ਸੂਫ਼ੀਆਂ, ਬਜ਼ੁਰਗਾਂ, ਪੀਰਾਂ, ਫ਼ਕੀਰਾਂ, ਅਦੀਬਾਂ ਤੇ ਸ਼ਾਇਰਾਂ ਨੇ ਨਾ ਸਿਰਫ਼ ਨਸਰ ਤੇ ਸ਼ਾਇਰੀ ਦੇ ਰੂਪ 'ਚ ਸਾਂਭਿਆ, ਸਗੋਂ ਇਹਦੇ ਵਧਾਅ ਲਈ ਵੀ ਪੂਰੇ ਯਤਨ ਕੀਤੇ। ਮੇਲ-ਮਿਲਾਪ ਲਈ ਵਰਤੋਂ ਦੀ ਜ਼ੁਬਾਨ ਦੇ ਤੌਰ 'ਤੇ ਵਸੀਲਾ ਬਣਾਇਆ ਤੇ ਜੀਵਨ ਦੇ ਹਰ ਪੱਖ ਨੂੰ ਮਜ਼ਹਬ ਤੋਂ ਲੈ ਕੇ ਹਰ ਸਮਾਜੀ ਮਸਲੇ ਨੂੰ ਆਪਣੀਆਂ ਲਿਖਤਾਂ ਦਾ ਮੌਜ਼ੂ ਬਣਾਇਆ। ਸੋਹਣੇ ਤੇ ਸੁਚੱਜੇ ਢੰਗ ਨਾਲ਼ ਬਿਆਨ ਕੀਤਾ। ਉਹ ਸੁੱਚਾ ਅਦਬ ਅੱਜ ਵੀ ਮਾਂ ਬੋਲੀ ਦੇ ਮੱਥੇ ਦਾ ਝੂੰਮਰ ਏ। ਅੱਜ ਵੀ ਪੰਜਾਬੀ ਦੇ ਵਧਾਅ ਲਈ, ਪੰਜਾਬ ਦੇ ਅਣਖ਼ੀ ਪੁੱਤਰ ਕਿਸੇ ਨਾ ਕਿਸੇ ਰੂਪ 'ਚ ਆਪਣਾ ਕੰਮ ਕਰ ਰਹੇ ਨੇ। ਪੰਜਾਬੀ ਦੇ ਵਧਾਅ ਲਈ ਸਗੋਂ ਤੇਜ਼ੀ ਆ ਗਈ ਹੈ। ਮੰਨਿਆ ਪੰਜਾਬੀ ਨੂੰ ਕਈ ਮਸਲੇ ਤੇ ਰੁਕਾਵਟਾਂ ਦਾ ਸਾਹਮਣਾ ਹੈ, ਪਰ ਦੂਜੇ ਪਾਸੇ ਪੰਜਾਬੀ ਲਿਖਣ ਵਾਲ਼ਿਆਂ 'ਚ ਵਾਧਾ ਹੋ ਰਿਹਾ ਹੈ। ਪਹਿਲਾਂ ਇੱਕਾ-ਦੁੱਕਾ ਕਿਤਾਬ ਛਪਦੀ ਸੀ, ਪਰ ਅੱਜ 'ਕੱਲੇ ਲਹਿੰਦੇ ਪੰਜਾਬ 'ਚ ਹਰ ਸਾਲ ਇਕੱਲੀ ਸ਼ਾਇਰੀ ਦੀਆਂ 50 ਤੋਂ 60 ਕਿਤਾਬਾਂ ਛਪ ਰਹੀਆਂ ਨੇ। ਪੰਜਾਬੀ ਪ੍ਰੋਗਰਾਮ, ਮੁਸ਼ਾਇਰਾ ਤੇ ਕਈ ਸਕਾਫ਼ਤੀ ਮੇਲੇ ਵਧਦੇ ਜਾ ਰਹੇ ਨੇ। ਪੰਜਾਬੀ ਲਿਖਾਰੀ ਹਰ ਸਾਲ ਅਣਮੁੱਲੇ ਖਜ਼ਾਨਿਆਂ ਨਾਲ਼ ਨਸਰ ਤੇ ਸ਼ਾਇਰੀ ਦੋਹਾਂ ਰੰਗਾਂ 'ਚ ਮਾਂ ਬੋਲੀ ਦੀ ਝੋਲੀ ਭਰਦੇ ਨਜ਼ਰ ਜਾ ਰਹੇ ਨੇ ਤੇ ਇਹ ਸਿਲਸਿਲਾ ਰਹਿੰਦੀ ਦੁਨੀਆਂ ਤੱਕ ਚਲਦਾ ਰਹੇਗਾ। ਸ਼ਾਇਰੀ ਜਜ਼ਬਿਆਂ ਦੇ ਇਜ਼ਹਾਰ ਦਾ ਇੱਕ ਸੋਹਣਾ ਤੇ ਸੁਚੱਜਾ ਵਸੀਲਾ ਹੈ। ਸ਼ਾਇਰ ਹੋਣਾ ਨਾ ਸੌਖਾ ਕੰਮ ਹੈ ਤੇ ਨਾ ਹੀ ਕੋਈ ਆਪਣੀ ਮਰਜ਼ੀ ਨਾਲ਼ ਸ਼ਾਇਰ ਬਣ ਸਕਦਾ ਹੈ। ਇਹ ਰੱਬੀ ਅਤਾ ਹੈ, ਜੋ ਹਰ ਕਿਸੇ ਦੇ ਨਸੀਬਾਂ 'ਚ ਨਹੀਂ ਹੁੰਦੀ। ਹਜ਼ਾਰਾਂ ਦੀ ਅਬਾਦੀ 'ਚੋਂ ਕੋਈ ਇੱਕ ਭਾਗਾਂ ਵਾਲਾ ਬੰਦਾ ਸ਼ਾਇਰ ਹੁੰਦਾ ਹੈ। ਅੱਜ ਵੀ ਸ਼ਾਇਰੀ 'ਤੇ ਝਾਤ ਪਾਈਏ ਤੇ ਬਹੁਤ ਸੋਹਣਾ ਤੇ ਸੁਚੱਜਾ ਲਿਖਣ ਵਾਲ਼ਿਆਂ ਦੀ ਥੋੜ੍ਹ ਨਹੀਂ। ਪੰਜਾਬੀ ਗ਼ਜ਼ਲ ਤੇ ਨਜ਼ਮ ਅੱਜ ਉੱਚ ਪੱਧਰ 'ਤੇ ਖਲੋਤੀ ਹੈ। ਪੰਜਾਬੀ ਗ਼ਜ਼ਲ ਦੀ ਟੋਰ 'ਚ ਇਕ ਸੁੱਚਾ ਤੇ ਸੁਚੱਜਾ ਸ਼ਾਇਰ ਜ਼.ਫਰ ਅਵਾਨ ਵੀ ਹੈ। ਜਿਹੜਾ ਰੋਜ਼ੀ-ਰੋਟੀ ਲਈ



ਪਰਦੇਸ ਦਾ ਦੁੱਖ ਝੱਲ ਰਿਹਾ ਹੈ। ਪਰ ਉਹਦੀ ਇੱਕ ਖ਼ੂਬੀ ਇਹ ਵੀ ਹੈ, ਜਿਹੜਾ ਗੋਰਿਆਂ ਦੇ ਦੇਸ ਰਹਿ ਕੇ ਵੀ ਗੋਰਾ ਨਹੀਂ ਹੋਇਆ, ਸਗੋਂ ਕਣਕਵੰਨਾ ਹੀ ਰਿਹਾ ਏ। ਉਹਨੂੰ ਆਪਣੇ ਦੇਸ ਦੀਆਂ ਕਣਕਾਂ, ਕਪਾਹਾਂ ਨਾਲ਼ ਚੋਖਾ ਪਿਆਰ ਹੈ, ਜਿਹੜਾ ਉਹਦੀ ਸ਼ਾਇਰੀ 'ਚ ਝਲਕਾਰੇ ਪਿਆ ਮਾਰਦਾ ਹੈ। ਜ਼.ਫਰ ਅਵਾਨ ਨਾਲ਼ ਮੇਰੀ ਅੱਜ ਤੱਕ ਮੁਲਾਕਾਤ ਤੇ ਨਹੀਂ ਹੋਈ। ਫੇਸਬੁੱਕ 'ਤੇ ਉਹਨਾਂ ਦੀ ਇੱਕ ਗ਼ਜ਼ਲ ਪੜ੍ਹੀ :

**ਹੱਸਦੀ-ਹੱਸਦੀ ਰੁਕ ਜਾਂਦੀ ਏ ਧੀ ਜੋ ਹੋਈ।**
**ਦੇਸ ਪਰਾਏ ਲੁਕ ਜਾਂਦੀ ਏ ਧੀ ਜੋ ਹੋਈ।**

ਜਿਹੜੀ ਸਿੱਧੀ ਦਿਲ 'ਤੇ ਵੱਜੀ ਤੇ ਇਸ ਗ਼ਜ਼ਲ ਨੇ ਮੈਨੂੰ ਜ਼.ਫਰ ਅਵਾਨ ਹੋਰਾਂ ਨੂੰ ਹੋਰ ਪੜ੍ਹਨ 'ਤੇ ਮਜਬੂਰ ਕਰ ਦਿੱਤਾ। ਜਿਵੇਂ-ਜਿਵੇਂ ਉਹਨਾਂ ਦੀ ਸ਼ਾਇਰੀ ਪੜ੍ਹਦਾ ਗਿਆ ਉਵੇਂ-ਉਵੇਂ ਦਿਲ ਦਾ ਦਿਲ ਵੱਲ ਪੈਂਡਾ ਸ਼ੁਰੂ ਹੋ ਗਿਆ ਤੇ ਉਹਨਾਂ ਨਾਲ਼ ਵਾਹਵਾ ਨੇੜ ਹੋ ਗਿਆ। ਜ਼.ਫਰ ਅਵਾਨ ਦੀ ਸ਼ਾਇਰੀ 'ਚ ਹਰ ਰੰਗ ਸੁਚੱਜੇ ਢੰਗ ਨਾਲ਼ ਮੌਜੂਦ ਹੈ। ਪੰਜਾਬ ਦੀ ਰਹਿਤਲ ਨਾਲ਼ ਉਹਨੂੰ ਅੰਤਾਂ ਦਾ ਪਿਆਰ ਹੈ। ਉਹ ਆਪਣੀ ਰਹਿਤਲ ਨੂੰ ਭੋਰਾ ਵੀ ਨਹੀਂ ਭੁੱਲਿਆ, ਸਗੋਂ ਉਹਦੀ ਸ਼ਾਇਰੀ 'ਚ ਸਾਡੀ ਰਹਿਤਲ ਦੀਆਂ ਮਿਟ ਰਹੀਆਂ ਸ਼ੈਅਵਾਂ ਦਾ ਢੇਰ ਦੁੱਖ ਹੈ। ਜ਼.ਫਰ ਅਵਾਨ ਦੀ ਸ਼ਾਇਰੀ 'ਚ ਦੇਸ ਦੀ ਮੁਹੱਬਤ ਝਲਕਾਂ ਮਾਰਦੀ ਹੈ। ਉਹ ਦੂਜੇ ਦੇਸ 'ਚ ਰਹਿ ਕੇ ਵੀ ਆਪਣੀ ਵਿਸਰੀ ਹੋਈ ਰਹਿਤਲ ਨੂੰ ਰੁੱਸੇ ਹੋਏ ਵੇਲੇ ਨੂੰ ਮੋੜ ਲਿਆਵਣ ਦਾ ਡਾਢਾ ਚਾਹਵਾਨ ਹੈ, ਤਾਂ ਹੀ ਤੇ ਉਹ ਕਹਿੰਦਾ ਹੈ :

**ਢੋਲੇ ਮਾਹੀਏ ਟੱਪੇ ਗਾਵਾਂ ਵਤਨਾਂ 'ਤੇ।**
**ਉੱਜੜੀ ਰਹਿਤਲ ਫੇਰ ਵਸਾਵਾਂ ਵਤਨਾਂ 'ਤੇ।**

ਮਾਪੇ ਭਾਵੇਂ ਮਾੜੇ ਹੋਵਣ ਤੇ ਭਾਵੇਂ ਤਗੜੇ, ਧੀਆਂ ਦੇ ਲੇਖ ਤੋਂ ਡਰਦੇ ਰਹਿੰਦੇ ਨੇ। ਧੀਆਂ ਨਿਮਾਣੀਆਂ ਚਿੜੀਆਂ ਹੁੰਦੀਆਂ ਨੇ, ਨਾ ਕੋਈ ਆਪਣਾ ਦੇਸ ਤੇ ਨਾ ਕੋਈ ਘਰ। ਬੇਗ਼ਾਨਿਆ ਸਹਾਰਿਆਂ 'ਤੇ ਪੂਰਾ ਜੀਵਨ ਬਿਤਾ ਦਿੰਦੀਆਂ ਨੇ। ਮਾਪਿਆਂ ਦੇ ਘਰ ਵੀ ਇਕ ਦਿਨ ਪ੍ਰਾਹੁਣਿਆਂ ਵਾਂਗ ਅਪੜਦੀ, ਕਿਸੇ ਹੋਰ ਥਾਂ, ਕਿਸੇ ਹੋਰ ਘਰ ਜਾ ਕੇ ਵੱਸਣਾ, ਔਰਤ ਦਾ ਹੀ ਜਿਗਰਾ ਏ। ਪਹਿਲਾਂ ਪਿਓ ਦੇ ਘਰ, ਫਿਰ ਸਾਈਂ ਦੇ ਘਰ ਤੇ ਅਖੀਰ ਪੁੱਤਰਾਂ ਦੇ ਘਰ। ਜੰਮਣ ਤੋਂ ਲੈ ਕੇ ਬੇਨਿਆਂਈ ਦਾ ਸ਼ਿਕਾਰ ਨਾ ਮੁੱਕਣ ਵਾਲੇ ਦੁੱਖ ਤੇ ਧੀਆਂ ਕਦੀ ਜਾਇਦਾਦ ਤੋਂ ਬੇਦਖ਼ਲ ਪਿਓ ਦੀ ਪੱਗ ਤੇ ਵੀਰਾਂ ਦੇ ਝਗੜੇ 'ਚ ਕੁਰਬਾਨੀ ਦਾ ਬੱਕਰਾ ਧੀ ਹੀ ਬਣਦੀ ਹੈ। ਜ਼.ਫਰ

ਅਵਾਨ ਨੇ ਇਸ ਦੁੱਖ ਦਾ ਨਕਸ਼ਾ ਕਮਾਲ ਸੁਚੱਜੇ ਢੰਗ ਨਾਲ਼ ਉਲੀਕ ਕੇ ਸਾਬਤ ਕਰ ਦਿੱਤਾ ਹੈ ਕਿ ਉਹ ਹਰ ਚਿੱਤਰ ਉਲੀਕ ਸਕਦਾ ਹੀ ਨਹੀਂ, ਉਹਦੇ 'ਚ ਹਰ ਰੰਗ ਭਰਨਾ ਵੀ ਜਾਣਦਾ ਹੈ। ਉਹਦੇ ਇਹ ਸ਼ਿਅਰ ਅੱਖਰ-ਅੱਖਰ ਦੁੱਖ ਤੇ ਮਿਸਰਾ-ਮਿਸਰਾ ਪੀੜਾ ਹੰਢਾਉਂਦੇ ਨਜ਼ਰੀਂ ਆਉਂਦੇ ਨੇ ਤੇ ਪੜ੍ਹਿਆਰ ਦੇ ਕਲੇਜੇ ਨੂੰ ਰੁੱਗ ਪਾ ਲੈਂਦੇ ਨੇ।

**ਹੱਸਦੀ-ਹੱਸਦੀ ਰੁਕ ਜਾਂਦੀ ਏ ਧੀ ਜੋ ਹੋਈ।**
**ਦੇਸ ਪਰਾਏ ਲੁਕ ਜਾਂਦੀ ਏ ਧੀ ਜੋ ਹੋਈ।**

**ਬਾਬਲ ਦੀ ਪੱਗ ਵੀਰ ਦੀ ਇੱਜ਼ਤ ਖ਼ਾਤਰ ਚੰਦਰੀ,**
**ਟੁੱਟੇ ਨਾ ਤੇ ਝੁਕ ਜਾਂਦੀ ਏ ਧੀ ਜੋ ਹੋਈ।**

**ਵੀਰ ਨੂੰ ਪੂਰੀ ਮੈਨੂੰ ਅੱਧ-ਪਚੱਧੀ ਲੱਭੀ,**
**ਮੇਰੀ ਰੋਟੀ ਪਾਰੋਂ ਖੁੜ੍ਹ ਗਈ ਢੇਰ ਕਮਾਈ।**

ਅੱਜ ਦਾ ਦੌਰ ਇਖ਼ਲਾਕੀ ਕਦਰਾਂ ਦੇ ਜ਼ਵਾਲ ਦਾ ਦੌਰ ਏ। ਨਿਆਂ ਮਿਟਦਾ ਜਾ ਰਿਹਾ ਏ। ਵੱਡੇ-ਛੋਟੇ ਦੀ ਇੱਜ਼ਤ ਦਾ ਜਨਾਜ਼ਾ ਨਿਕਲ ਚੁੱਕਿਆ ਏ। ਖਿੱਚ-ਧੂਹ ਵਧਦੀ ਜਾ ਰਹੀ ਏ। ਹਰ ਰੋਜ਼ ਮਾੜੇ ਨਾਲ਼ ਜ਼ੁਲਮ ਵੱਧ ਰਿਹਾ ਏ। ਦਹਿਸ਼ਤਗਰਦੀ-ਕਤਲੋਗ਼ਾਰਤ ਆਮ ਹੁੰਦੀ ਜਾ ਰਹੀ ਏ। ਇੱਕ-ਦੂਜੇ ਦੇ ਹੱਕ 'ਤੇ ਡਾਕਾ ਮਾਰਨਾ ਜਾਇਜ਼ ਸਮਝਿਆ ਜਾ ਰਿਹਾ ਏ। ਸ਼ਾਇਰ ਹੱਸਾਸ ਵੀ ਹੁੰਦਾ ਏ ਤੇ ਮੁਆਸ਼ਰੇ ਦਾ ਅੱਕਾਸ ਵੀ। ਉਹਦੀ ਪੂਰੀ ਨਜ਼ਰ ਮੁਆਸ਼ਰੇ 'ਤੇ ਹੋਵੇਗੀ ਤਾਂ ਹੀ ਉਹ ਆਪਣੇ ਮੁਆਸ਼ਰੇ ਦੀ ਅੱਕਾਸੀ ਕਰ ਸਕਦਾ ਏ। ਜਿਹਦੀ ਨਜ਼ਰ ਆਪਣੇ ਦੌਰ ਦੇ ਮਸਲਿਆਂ 'ਤੇ ਨਾ ਹੋਵੇ, ਉਹ ਬੇ-ਪੀੜਾ ਤੇ ਬੇ-ਰਮਜ਼ਾ ਹੁੰਦਾ ਏ। ਪਰ ਜ਼ਫ਼ਰ ਅਵਾਨ ਗੁੱਝ ਪੀੜਾਂ ਹੰਢਾਉਣ ਵਾਲਾ ਸ਼ਾਇਰ ਏ। ਮੁਆਸ਼ਰੇ ਦੇ ਰੋਗ ਜਿਹੜੇ ਸਾਨੂੰ ਹੌਲ਼ੀ-ਹੌਲ਼ੀ ਅੰਦਰੋਂ-ਅੰਦਰੀਂ ਖਾ ਰਹੇ ਨੇ, ਜ਼ਫ਼ਰ ਅਵਾਨ ਦੀ ਸ਼ਾਇਰੀ 'ਚੋਂ ਇਹ ਤਸਵੀਰਾਂ ਪੂਰੀਆਂ ਨਜ਼ਰ ਆਉਂਦੀਆਂ ਨੇ। ਉਹਨੇ ਇਸ ਧ੍ਰੋਹ ਨੂੰ ਕਿੰਨੇ ਸੁੱਚੇ ਢੰਗ ਨਾਲ਼ ਬਿਆਨਿਆ ਏ। ਸ਼ਿਅਰ ਵੇਖੋ:

**ਵਿੱਚ ਕਚਹਿਰੀ ਦ੍ਹਾੜਾਂ ਮਾਰ ਜੋ ਰੋਇਆ ਸੀ,**
**ਧੀ ਦਾ ਬਾਬਲ ਕਾਨੂੰ ਡਰਿਆ ਦੱਸਾਂਗੇ।**



**ਮਾਲ ਯਤੀਮਾਂ ਦਾ ਤੂੰ ਖਾਧਾ,**
**ਕਹਿਰ ਖ਼ੁਦਾ ਦਾ ਡਰਿਆ ਨਈਂ ਤੂੰ।**

**ਜੱਗ ਤੇ ਰੱਬ ਦੀ ਜੰਨਤ ਵੀ,**
**ਫੂਕੀ ਸਾਰੀ ਜਾਂਦਾ ਏ।**

ਚੱਲ ਰਹੇ ਦੌਰ 'ਚ ਲੋਕ ਮਹਿਫ਼ੂਜ਼ ਨਹੀਂ ਰਹੇ। ਹਰ ਪਾਸੇ ਡਰ ਦਾ ਪਾਲਾ ਵਧਦਾ ਜਾ ਰਿਹਾ ਏ। ਰਾਖੇ, ਰਾਖੇ ਨਹੀਂ ਰਹੇ। ਮੁਨਸਫ਼, ਮੁਨਸਫ਼ ਨਹੀਂ ਰਹੇ। ਤਗੜੇ, ਤਗੜੇ ਹੁੰਦੇ ਜਾ ਰਹੇ ਨੇ ਤੇ ਮਾੜੇ ਸਗੋਂ ਮਾੜੇ। ਇਹ ਸਭ ਉਦੋਂ ਹੁੰਦਾ ਏ ਜਦੋਂ ਬੇਨਿਆਂਈ ਹੱਦੋਂ ਵੱਧ ਜਾਂਦੀ ਏ। ਇਹਨਾਂ ਗੱਲਾਂ ਤੋਂ ਸ਼ਾਇਰ ਮੁਤਾਸਰ ਹੋਏ ਬਿਨਾਂ ਨਹੀਂ ਰਹਿ ਸਕਦਾ। ਜ਼ਫ਼ਰ ਅਵਾਨ ਅੱਜ ਦੇ ਦੌਰ ਦਾ ਅੱਕਾਸ ਸ਼ਾਇਰ ਏ। ਉਹਦੇ ਇਹ ਸ਼ਿਅਰ ਮੂੰਹੋਂ ਬੋਲ ਕੇ ਦੱਸਦੇ ਪਏ ਨੇ:

**ਟੋਟੇ-ਟੋਟੇ ਪੁੱਤ ਦਾ ਜੁੱਸਾ ਬੁੱਢੀ ਮਾਈ ਨੇ,**
**ਮੌਲਾ ਜਾਣੇ ਕਿਸਰਾਂ ਢੋਇਆ, ਅੱਲ੍ਹਾ ਖ਼ੈਰ ਕਰੇ।**

**ਡਾਕੂ ਫਿਰਦੇ ਨਗਰੀ ਅੰਦਰ,**
**ਲੁੱਟਦੇ ਵੇਖੇ ਵਰਦੀ ਅੰਦਰ।**

**ਮਾੜੇ ਦੀ ਮੈਂ ਪੈਲ਼ੀ ਖੋਹ ਕੇ,**
**ਪਿੰਡ ਵਿੱਚ ਹੋਰ ਮਸੀਤ ਬਣਾਣੀ।**

ਪਰਦੇਸ ਤੇ ਚੁੱਲਿਓਂ ਉਹਲੇ ਭੈੜਾ ਹੁੰਦਾ ਏ ਤੇ ਕਿਸੇ ਹੋਰ ਦੇਸ 'ਚ ਰਹਿਣਾ ਤੇ ਬਹੁਤ ਔਖਾ ਏ। ਜ਼ਫ਼ਰ ਅਵਾਨ ਦੀ ਵੱਡੀ ਖ਼ੂਬੀ ਇਹ ਵੀ ਏ ਬਈ ਉਹ ਬੇਗ਼ਾਨੇ ਦੇਸ 'ਚ ਰਹਿ ਕੇ ਵੀ ਪੰਜਾਬ ਦਾ ਪੁੱਤਰ ਹੋਵਣ ਦਾ ਹੱਕ ਅਦਾ ਕਰ ਰਿਹਾ ਏ। ਮਾਂ ਬੋਲੀ ਦੀ ਸੇਵਾ ਉਹਦੀਆਂ ਕਿਤਾਬਾਂ ਦੇ ਰੂਪ 'ਚ ਸਭ ਨੂੰ ਨਜ਼ਰ ਆ ਰਹੀ ਏ। ਦੂਜਾ ਉਹ ਦੇਸ 'ਚ ਰਹਿਣ ਵਾਲ਼ਿਆਂ ਨੂੰ ਇਹ ਵੀ ਦੱਸਣ ਦੇ ਜਤਨ ਕਰ ਰਿਹਾ ਏ ਕਿ ਰੋਟੀ ਲਈ ਬੇਗ਼ਾਨੇ ਦੇਸ ਰਹਿਣ ਵਾਲੇ ਕਿੰਨੇ ਮਜਬੂਰ ਹੁੰਦੇ ਨੇ। ਕਿੰਨੀਆਂ ਸੱਧਰਾਂ ਨੂੰ ਰੋਜ਼ ਦਫ਼ਨਾਂਦੇ ਨੇ। ਕਿੰਨੀਆਂ ਸਿੱਕਾਂ ਛਿਲਤਰ ਵਾਂਙੂ ਦਿਲ 'ਚ ਖੁੱਭਦੀਆਂ ਰਹਿੰਦੀਆਂ ਨੇ। ਉਹਦੇ ਇਹ ਸ਼ਿਅਰ ਪਰਦੇਸ 'ਚ ਰਹਿਣ ਵਾਲ਼ਿਆਂ ਦੀਆਂ ਜਿਉਂਦੀਆਂ ਜਾਗਦੀਆਂ ਤਸਵੀਰਾਂ ਨੇ।

**ਜੀਅ ਕਰਦਾ ਏ ਵੀਜ਼ੇ ਕਾਮੇ ਸਾੜ ਦਿਆਂ,**
**ਯਾਰ ਪੁਰਾਣੇ ਲੱਭਣ ਜਾਵਾਂ ਵਤਨਾਂ 'ਤੇ ।**

**ਧੀ ਦਾ ਲਹਿੰਗਾ ਪੁੱਤ ਦਾ ਸਿਹਰਾ ਘੱਲਿਆ ਏ,**
**ਪੂਰੇ ਕਰ ਲੈ ਚਾਅ ਮੈਂ ਛੇਤੀ ਆਵਾਂਗਾ।**

**ਤੇਰਾ ਰੂਪ ਸਰੂਪ ਤੇ ਬਚਪਨ ਬੱਚਿਆਂ ਦਾ,**
**ਦਿੱਤਾ ਵਕਤ ਗਵਾ ਮੈਂ ਛੇਤੀ ਆਵਾਂਗਾ।**

ਇਹਨਾਂ ਚਾਰ ਮਿਸਰਿਆਂ ਵਿੱਚ ਜ਼ਫ਼ਰ ਅਵਾਨ ਨੇ ਪੂਰੀ ਕਹਾਣੀ ਬੜੇ ਮਨ – ਖਿੱਚਵੇਂ ਅੰਦਾਜ਼ 'ਚ ਉਲੀਕ ਦਿੱਤੀ ਏ। ਦੋ ਨਕਸ਼ੇ ਵਿਖਾ ਦਿੱਤੇ ਨੇ। ਪਰਦੇਸਾਂ ਦਾ ਹਾਲ ਤੇ ਪਿਛਲਿਆਂ 'ਤੇ ਕੀ ਬੀਤਦੀ ਏ। ਚਾਰ ਮਿਸਰਿਆਂ 'ਚ ਪੂਰੀ ਫ਼ਿਲਮ ਚੱਲ ਪੈਂਦੀ ਏ। ਇੱਥੇ ਉਹ ਪੂਰਾ ਤੇ ਸੁਚੱਜਾ ਚਿੱਤਰਕਾਰ ਨਜ਼ਰ ਆਉਂਦਾ ਏ। ਇਲਮ ਤੇ ਜਹਾਲਤ ਅਜ਼ਲਾਂ ਤੋਂ ਬੰਦੇ ਦੇ ਨਾਲ਼-ਨਾਲ਼ ਚਲਦੇ ਆ ਰਹੇ ਨੇ। ਜਹਾਲਤ ਦੇ ਕੰਡੇ, ਇਲਮ ਸਦੀਆਂ ਤੋਂ ਕੱਢਦਾ ਆ ਰਿਹਾ ਏ ਤੇ ਕੱਢਦਾ ਰਹੇਗਾ। ਦੂਜਾ ਮਜ਼ਹਬੀ ਵੰਡ ਅਤੇ ਫ਼ਿਰਕੇਬਾਜ਼ੀਆਂ ਇਨਸਾਨ ਨੂੰ ਇਨਸਾਨ ਨਹੀਂ ਰਹਿਣ ਦਿੱਤਾ ਤੇ ਕੁਝ ਲੋਕਾਂ ਦਾ ਇਲਮ ਅੱਜ ਵੀ ਕੁਝ ਨਹੀਂ ਵਿਗਾੜ ਸਕਿਆ। ਜ਼ਫ਼ਰ ਅਵਾਨ ਨੇ ਇਹ ਢੇਰ ਸੋਹਣੇ ਅੰਦਾਜ਼ ਵਿੱਚ ਖਿੱਚ ਕੇ ਕਈ ਲੋਕਾਂ ਨੂੰ ਸ਼ੀਸ਼ਾ ਵਿਖਾਉਣ ਦੀ ਉਚੇਰੀ ਕੋਸ਼ਸ਼ ਕੀਤੀ ਏ।

**ਜਹਲ ਦਾ ਸੀਨਾ ਪਾੜਾਗਾਂ,**
**ਹੱਥ ਵਿੱਚ ਇਲਮ ਦੀ ਬਰਛੀ ਏ।**

**ਕੁਝ ਮਸਲਕ ਕੁਝ ਲੀਡਰ ਪੂਜਣ,**
**ਲੋਕਾਂ ਫੇਰ ਬਣਾ ਲਏ ਪੱਥਰ।**

**ਸਿਰ 'ਤੇ ਟੋਪੀ ਹੱਥ ਵਿੱਚ ਡੰਡੇ,**
**ਗਲੀਆਂ ਵਿੱਚ ਫਿਰਦੇ ਮਸ਼ਟੰਡੇ।**



**ਵੇਖ ਮਸੀਤੇ ਬਹਿ ਕੇ ਮੁੱਲਾ,**
**ਰੋਟੀ ਬਦਲੇ ਨਫ਼ਰਤ ਵੰਡੇ।**

ਆਪਣੀ ਗੱਲ ਮੁਕਾਉਂਦਿਆਂ ਹੋਇਆਂ ਜ਼ਫ਼ਰ ਅਵਾਨ ਦੇ ਇੱਕ ਸ਼ਿਅਰ ਦਾ ਹਵਾਲਾ ਦੇਣ ਤੋਂ ਪਹਿਲਾਂ ਇਹ ਜ਼ਰੂਰ ਕਹਾਂਗਾ ਉਹ ਸ਼ਾਇਰ ਭਾਗਾਂ ਵਾਲਾ ਹੁੰਦਾ ਏ ਜਿਹਨੂੰ ਜ਼ਿੰਦਾ ਰੱਖਣ ਵਾਲਾ ਇੱਕ ਸ਼ਿਅਰ ਵੀ ਨਸੀਬ ਹੋ ਜਾਏ, ਪਰ ਜ਼ਫ਼ਰ ਅਵਾਨ ਕੋਲ਼ ਇੰਞ ਦੇ ਕਈ ਸ਼ਿਅਰ ਨੇ। ਉਨ੍ਹਾਂ ਦੇ ਇੱਕ ਸ਼ਿਅਰ ਦਾ ਹਵਾਲਾ ਮੇਰੇ ਵੱਲੋਂ :

**ਜੱਗ ਤੇ ਕੋਈ ਰੁਲਦਾ ਨਾਹੀਂ,**
**ਹੁੰਦਾ ਲੇਖ ਜੇ ਮਾਵਾਂ ਲਿਖਿਆ।**

ਜ਼ਫ਼ਰ ਅਵਾਨ ਦੀ ਸ਼ਾਇਰੀ ਪੀੜਾ ਹੰਢਾਉਂਦੀ ਸ਼ਾਇਰੀ ਏ। ਉਹਦੇ ਅੱਖਰ ਕਿੰਨੀਆਂ ਪੀੜਾਂ ਜਗਾਉਂਦੇ ਜਾਂਦੇ ਨੇ, ਉਹਦੀਆਂ ਗ਼ਜ਼ਲਾਂ 'ਚ ਕੋਈ ਇੰਞ ਦੀ ਸ਼ੈਅ ਏ, ਜਿਹੜੀ ਬਦੋ-ਬਦੀ ਆਪਣੇ ਵੱਲ ਖਿੱਚ ਲੈਂਦੀ ਏ। ਉਹਦੇ ਕੋਲ਼ ਉੱਦਮ ਵੀ ਹੈ, ਹਿੰਮਤ ਵੀ ਹੈ ਤੇ ਰੋਗਾਂ ਨੂੰ ਬਿਆਨਣ ਦਾ ਸੁੱਚਾ ਢੰਗ ਵੀ। ਉਹ ਅੱਜ ਦੇ ਸੁੱਚੇ ਸ਼ਾਇਰਾਂ ਦੇ ਨਾਲ਼ ਪੂਰੇ ਭਾਰ ਨਾਲ਼ ਖਲੋਤਾ ਏ। ਕਈ ਤਨਜ਼ੀਮਾਂ ਨਾਲ਼ ਜੁੜਿਆ ਪਰਦੇਸ 'ਚ ਰਹਿ ਕੇ, ਮਾਂ ਬੋਲੀ ਦੀ ਪੂਰੀ ਸੇਵਾ ਕਰ ਕੇ, ਸੁੱਚੇ ਪੰਜਾਬੀ ਪੁੱਤਰ ਹੋਣ ਦਾ ਸਬੂਤ ਦੇ ਰਿਹਾ ਏ। ਰੱਬ ਉਹਦੀ ਕਲਮ ਨੂੰ ਹੋਰ ਤਾਕਤਾਂ ਅਤਾ ਕਰੇ ਤੇ ਪੰਜਾਬ ਦਾ ਇਹ ਸੁਚੱਜਾ ਪੁੱਤਰ ਇੰਞ ਹੀ ਮਾਂ ਬੋਲੀ ਦੀ ਸੇਵਾ ਕਰਦਾ ਰਹੇ! ਮੇਰੀ ਦੁਆ ਏ ਜ਼ਫ਼ਰ ਅਵਾਨ ਦੀ ਹਥਲੀ ਕਿਤਾਬ ਢੇਰ ਨਾਮਣਾ ਖੱਟੇ!

**ਇਰਸ਼ਾਦ ਸੰਧੂ (ਐੱਮ.ਏ., ਐੱਮ.ਐੱਡ.)**
**ਕੰਗਣਪੁਰ ਪੰਜਾਬ ਪਾਕਿਸਤਾਨ**

# ਜ਼ਫ਼ਰ ਅਵਾਨ ਦੀ ਸ਼ਾਇਰੀ

ਪਾਬਲੋ ਨੇਰੂਦਾ ਨੇ ਆਖਿਆ ਸੀ ਕਿ ਸ਼ਾਇਰੀ ਇਨਸਾਨ ਦੇ ਅੰਦਰ ਦੀ ਗਹਿਰਾਈ ਦਾ ਬੁਲਾਵਾ ਹੈ। ਜ਼ਫ਼ਰ ਅਵਾਨ ਨੇ ਆਪਣੇ ਵਤਨ ਤੋਂ ਦੂਰ ਰਹਿ ਕੇ ਵੀ ਪੰਜਾਬੀ ਮਾਂ ਬੋਲੀ ਵਿੱਚ ਸ਼ਾਇਰੀ ਕੀਤੀ, ਸਮਝੋ ਕਿ ਆਪਣੀ ਹੋਂਦ ਪਛਾਣੀ।

**ਚੁੱਪ ਚੁਪੀਤੇ ਗ਼ਜ਼ਲਾਂ ਅੰਦਰ,**
**ਅੱਗਾਂ ਦੇਵਣ ਲਾ ਕੁਝ ਮਿਸਰੇ।**

**ਲਿਖਦਾ ਨਾ ਤੇ ਰਲ਼ ਕੇ ਮੈਨੂੰ,**
**"ਜ਼ਫ਼ਰੀ" ਜਾਂਦੇ ਖਾ ਕੁਝ ਮਿਸਰੇ।**

ਜ਼ਫ਼ਰ ਅਵਾਨ ਨੂੰ ਮੁਸ਼ਕਲ ਤੇ ਬਨਾਵਟੀ ਅੱਖਰਾਂ ਨਾਲ਼ ਆਪਣੇ ਸ਼ਿਅਰਾਂ ਨੂੰ ਸ਼ਿੰਗਾਰਨ ਦੀ ਬਜਾਏ ਸਿੱਧੇ ਸੁਭਾਅ ਤੇ ਸਾਦਾ ਅੱਖਰਾਂ ਨਾਲ਼ ਡੂੰਘੀ ਗੱਲ ਕਰਨ ਦਾ ਵੱਲ ਆਉਂਦਾ ਏ।

**ਚਾਨਣ ਤੋਂ ਬਿਨ ਕਰ ਨਾ ਸਕਿਆ ਅੰਬਰਵਾਸ ਗੁਜ਼ਾਰਾ,**
**ਚੰਨ ਦੇ ਬੂਹੇ ਆਣ ਖਲੋਤਾ ਸਰਘੀ ਵਾਲ਼ਾ ਤਾਰਾ।**

**ਅੱਖਰਾਂ ਰਾਹੀਂ ਅਕਲਾਂ ਦੇ ਦਰ ਖੋਲ੍ਹੀ ਜਾ,**
**ਬਾਹਵਾਂ ਵਾਲੇ ਘੇਰੇ ਕੱਢ ਦੇ ਸ਼ਿਅਰਾਂ 'ਚੋਂ।**

ਉਹ ਬੇਸ਼ੱਕ ਕਿਸੇ ਮਜਬੂਰੀ ਦੀ ਵਜ੍ਹਾ ਤੋਂ ਬੇਗ਼ਾਨਿਆਂ ਮੁਲਕਾਂ ਵਿੱਚ ਰਹਿ ਰਿਹਾ ਏ ਜਾਂ ਰਿਜ਼ਕ ਦੀ ਤਲਾਸ਼ ਵਿੱਚ ਪਰਦੇਸ ਕੱਟ ਰਿਹਾ ਏ ਲੇਕਿਨ ਰੂਹਾਨੀ ਤੌਰ 'ਤੇ ਉਹਦੇ ਪੈਰ ਅੱਜ ਵੀ ਪੰਜਾਬ ਦੀ ਧਰਤੀ ਵਿੱਚ ਹੀ ਗੱਡੇ ਹੋਏ ਨੇ:

**ਰੋਜ਼ਾ ਰੱਖ ਕੇ ਮੰਗ ਦੁਆਵਾਂ ਮੇਰੇ ਲਈ,**
**ਇਸ ਵਾਰੀ ਮੈਂ ਈਦ ਮਨਾਵਾਂ ਵਤਨਾਂ 'ਤੇ।**

ਨਵੀਂ ਧਰਤੀ ਨੇ ਉਹਨੂੰ ਨਵੇਂ ਤਜਰਬਿਆਂ ਨਾਲ਼ ਆਸ਼ਨਾਈ ਦੇ ਕੇ ਉਹਦੇ ਜ਼ਿਹਨ ਨੂੰ ਵੁਸੱਤ ਜ਼ਰੂਰ ਦਿੱਤੀ ਹੈ। ਜਿਹਦੇ ਨਾਲ਼ ਉਹਦੇ ਖ਼ਿਆਲ ਦੀ ਫ਼ਸਲ ਪਹਿਲਾਂ ਤੋਂ ਵੀ ਸੰਘਣੀ ਤੇ ਜ਼ਰਖ਼ੇਜ਼ ਹੋ ਗਈ ਏ :



**ਪਰਦੇਸਾਂ ਵਿੱਚ ਖੱਜਲ ਹੋਇਆ ਖਾਕ ਜਵਾਨੀ ਕਰਕੇ।**
**ਹਿਜਰ ਵਿਛੋੜੇ ਦਰਦ ਕਮਾਏ ਨਕਲ ਮਕਾਨੀ ਕਰਕੇ।**

**ਕਿੱਸੇ ਅੰਦਰ ਚੁੱਪ ਸੀ ਵੱਟੀ ਸ਼ਾਇਦ ਕੁਝ ਕਿਰਦਾਰਾਂ,**
**ਲੇਖਕ ਬੈਠਾ ਸੋਚ ਰਿਹਾ ਸੀ ਖਤਮ ਕਹਾਣੀ ਕਰਕੇ।**

ਜਿੱਥੇ ਜ਼ਫ਼ਰ ਅਵਾਨ ਨੂੰ ਹਿਜਰਤ ਦੇ ਤਜਰਬਿਆਂ ਨੇ ਬਹੁਤ ਸਾਰੇ ਸ਼ਿਅਰਾਂ ਦਾ ਖਾਲਕ ਬਣਾਇਆ, ਉੱਥੇ ਹੀ ਉਹਦੇ ਬਹੁਤ ਸਾਰੇ ਸ਼ਿਅਰ ਉਹਦੀ ਅੰਦਰ ਦੀ ਸਿਆਹਤ ਦਾ ਨਤੀਜਾ ਵੀ ਨੇ :

**ਜਿਸ ਬੂਹੇ ਤੋਂ ਪਾਰ ਉਡੀਕਦੇ ਰਾਹ ਮੈਨੂੰ,**
**ਮੈਥੋਂ ਅੱਜ ਤੱਕ ਓਹੀ ਜੰਦਰਾ ਖੁੱਲ੍ਹਿਆ ਨਈਂ।**

**ਅੱਖਾਂ ਦੇ ਮੁੱਢ ਬੈਠੀ ਕਾਲਖ ਦੱਸਦੀ ਏ,**
**ਮੈਂ ਖ਼ਾਬਾਂ ਲਈ ਨੀਂਦਰ ਰੋਲ ਕੇ ਬੈਠਾ ਵਾਂ।**

ਬਾਬਾ ਫਰੀਦ ਹੋਰਾਂ ਫਰਮਾਇਆ ਸੀ :

**ਪੰਜ ਰੁਕਨ ਇਸਲਾਮ ਦੇ ਛੇਵਾਂ ਫਰੀਦਾ ਟੁੱਕ**

ਤੇ ਜ਼ਫ਼ਰ ਅਵਾਨ ਨੇ ਇਸ ਗੱਲ ਦਾ ਇੰਞ ਕਰ ਕੇ ਇਜ਼ਹਾਰ ਕੀਤਾ ਏ :

**ਰੱਜੇ ਨੂੰ ਦਿਸਿਆ ਨਈਂ ਭੁੱਖੇ ਨੇ ਤੱਕਿਆ ਏ,**
**ਰੋਟੀ ਦੀ ਬੁਰਕੀ ਵਿੱਚ ਰੱਬ ਸ਼ਕਲ ਦਿਖਾਈ ਏ।**

ਜ਼ਫ਼ਰ ਅਵਾਨ ਨੂੰ ਗ਼ਜ਼ਲ ਕਹਿਣ ਦਾ ਵੱਲ ਏ। ਤੁਸੀਂ ਉਹਦੀ ਗ਼ਜ਼ਲ ਨੂੰ ਭਾਵੇਂ ਕਿਸੇ ਫੀਤੇ ਨਾਲ਼ ਨਾਪ ਲਓ :

**ਲੋਕਾਂ ਭਾਵੇਂ ਗ਼ਜ਼ਲਾਂ ਦਾ ਨਾਂ ਦਿੱਤਾ ਏ,**
**ਪੀੜਾਂ ਨੂੰ ਦੀਵਾਨ ਬਣਾਈ ਬੈਠੇ ਆਂ।**

**ਮੰਨਿਆ ਇਹ ਮਸ਼ਹੂਰ ਤੇ ਨਹੀਂ ਆਂ ਪਰ "ਜ਼ਫ਼ਰੀ",**
**ਆਪਣੀ ਇੱਕ ਪਹਿਚਾਣ ਬਣਾਈ ਬੈਠੇ ਆਂ।**

**ਨਿੱਕੀ-ਨਿੱਕੀ ਗੱਲ ਤੇ ਰੋਸੇ ਪਾਵਣ ਵਾਲੀ,**
**ਇਕ ਦਾਬੇ ਵਿੱਚ ਮੁੱਕ ਜਾਂਦੀ ਏ ਧੀ ਜੋ ਹੋਈ।**

**ਬੋਹੜਾਂ ਹੇਠਾਂ ਫੁੱਟੀ ਹੋਈ ਬੂਟੀ ਵਾਂਙੂ,**
**ਉੱਗਦੇ-ਉੱਗਦੇ ਸੁੱਕ ਜਾਂਦੀ ਏ ਧੀ ਜੋ ਹੋਈ।**

ਸਿਰ 'ਤੇ ਪੈਰ ਰੱਖ ਕੇ ਭੱਜਦੀ ਇਸ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਵੀ ਚੰਗੀ ਸ਼ਾਇਰੀ ਚੁੱਪ-ਚੁਪੀਤੇ ਅੱਗੇ ਤੁਹਾਨੂੰ ਗਲਵਕੜੀ ਪਾ ਸਕਦੀ ਏ ਤੇ ਤੁਹਾਡੇ ਸ਼ਊਰ ਵਿੱਚ ਆਪਣੀ ਮੁਸ਼ਕ ਮਚਾ ਸਕਦੀ ਏ। ਬਾਕੀ ਅਸਲ ਫ਼ੈਸਲਾ ਤੇ ਵੇਲੇ ਦਾ ਹੀ ਹੁੰਦਾ ਏ। ਜਿਹੜਾ ਯਾਦ ਵੀ ਰੱਖ ਸਕਦਾ ਏ ਤੇ ਭੁੱਲਣਹਾਰ ਵੀ ਏ। ਬਾਕੀ ਜੋ ਕਰੇ ਕਰਤਾਰ

**ਰਸ਼ੀਦ ਨਦੀਮ,**
**ਕੈਨੇਡਾ।**



# ਨਿਵੇਕਲੀ ਫ਼ਿਜ਼ਾ ਦਾ ਸ਼ਾਇਰ

ਜ਼ਫ਼ਰ ਅਵਾਨ ਦੀ ਸ਼ਾਇਰੀ ਸੰਦੇਸਾ ਏ ਨਵੀਂ ਨਿਵੇਕਲੀ ਫ਼ਿਜ਼ਾ ਦਾ। ਤੇ ਪੰਜਾਬੀ ਜ਼ੁਬਾਨ ਵਿੱਚ ਰਚੇ-ਵਸੇ ਮਿਠਾਸ ਨਾਲ਼ ਭਰੇ ਅਨਮੋਲ ਮੋਤੀਆਂ ਵਰਗੇ ਅੱਖਰ, ਉਹਨਾਂ ਨੇ ਚੁਣ-ਚੁਣ ਕੇ ਇਸਤੇਮਾਲ ਕੀਤੇ ਨੇ। ਸ਼ਾਇਰੀ ਸ਼ਾਇਰ ਦਾ ਅਨੋਖਾਪਨ ਬਾਹਰ ਲੈ ਕੇ ਆਉਂਦੀ ਹੈ। ਇਦਰਾਕ ਸ਼ਾਇਰ ਨੂੰ ਅਗਲੀ ਮੰਜ਼ਲ ਵੱਲ ਲੈ ਜਾਂਦਾ ਹੈ। ਜ਼ਫ਼ਰ ਅਵਾਨ ਨੇ ਜਿਹੜਾ ਸਫ਼ਰ ਸ਼ੁਰੂ ਕੀਤਾ ਹੈ, ਉਹ ਔਖੇ ਪੈਂਡਿਆਂ ਦਾ ਤੇ ਹੈ ਹੀ। ਪਰ ਹੌਲ਼ੀ-ਹੌਲ਼ੀ ਮੰਜ਼ਲਾਂ ਸੌਖੀਆਂ ਹੁੰਦੀਆਂ ਜਾਣਗੀਆਂ। ਰਿਆਜ਼ਤ ਤੇ ਤਪੱਸਿਆ ਉਹਨਾਂ ਦਿਆਂ ਹੱਡਾਂ ਵਿੱਚ ਨਜ਼ਰ ਆਉਂਦੀ ਹੈ। ਪੰਜਾਬੀ ਜ਼ੁਬਾਨ ਦੀ ਮਹਿਕ ਇੰਨੀ ਸੌਂਧੀ ਏ ਕਿ ਕਿਸੇ ਨੂੰ ਵੀ ਆਪਣੀ ਬੁੱਕਲ ਵਿੱਚ ਲੈ ਕੇ ਅਮਰ ਕਰ ਸਕਦੀ ਹੈ। ਜ਼ਫ਼ਰ ਅਵਾਨ ਦੇ ਇਹ ਸ਼ਿਅਰ ਸਾਰੀ ਕਹਾਣੀ ਦੱਸ ਰਹੇ ਨੇ,

**ਬੂਹਾ ਬੰਦ ਸੂਰਜ ਦਾ ਮੈਂ ਹੋਵਣ ਨਈਂ ਦੇਣਾ,**
**ਮੈਂ ਡੀਗਰ ਵੇਲੇ ਦੀ ਕੁੰਡੀ ਖੜਕਾਈ ਏ।**

**ਰੱਬ ਦੇ ਘਰ ਵਿੱਚ ਦੇਰ ਤੇ ਹੈ ਪਰ 'ਨ੍ਹੇਰ ਨਹੀਂ।**
**ਆਸ ਦਾ ਦੀਵਾ ਬਾਲ਼ ਮੈਂ ਛੇਤੀ ਆਵਾਂਗਾ।**

**ਇਹੋ ਲੋੜ ਸਮੇਂ ਦੀ ਆਸ 'ਤੇ ਬੂਟੇ ਲਾ।**
**ਮਾਯੂਸੀ ਦੇ ਡੇਰੇ ਕੱਢਦੇ ਸ਼ਿਅਰਾਂ 'ਚੋਂ।**

**ਬੋਹੜਾਂ ਹੇਠਾਂ ਫੁੱਟੀ ਹੋਈ ਬੂਟੀ ਵਾਂਙੂ।**
**ਉੱਗਦੇ-ਉੱਗਦੇ ਸੁੱਕ ਜਾਂਦੀ ਏ ਧੀ ਜੋ ਹੋਈ।**

**ਬਾਬਲ ਦੀ ਪੱਗ ਵੀਰ ਦੀ ਇੱਜ਼ਤ ਖ਼ਾਤਰ ਚੰਦਰੀ।**
**ਟੁੱਟੇ ਨਾ ਤੇ ਝੁਕ ਜਾਂਦੀ ਹੈ ਧੀ ਜੋ ਹੋਈ।**

**ਨਿੱਕੀ-ਨਿੱਕੀ ਗੱਲ 'ਤੇ ਰੋਸੇ ਪਾਵਣ ਵਾਲੀ।**
**ਇੱਕ ਦਾਬੇ ਵਿੱਚ ਮੁੱਕ ਜਾਂਦੀ ਏ ਧੀ ਜੋ ਹੋਈ।**

**ਤੇਰੀ ਚੁੰਨੀ ਵਰਗੇ ਬੂਟੇ ਲੱਭੇ ਨਈਂ।**
**ਅਪਣਾ ਕੁਲ ਜਹਾਨ ਫਰੋਲ ਕੇ ਬੈਠਾ ਵਾਂ।**

ਜ਼ੁਬਾਨ ਉੱਤੇ ਗ੍ਰਿਫ਼ਤ ਤੇ ਸਕਾਫ਼ਤੀ ਰਚਾਓ ਉਹਨਾਂ ਦੀ ਦਾਖਲੀ ਖਿੱਚ ਬਣ ਕੇ ਉਭਰਦਾ ਹੈ ਤੇ ਇਹ ਜੌਹਰ ਕਿਸੇ ਵੀ ਲਿਖਾਰੀ ਨੂੰ ਜ਼ਿੰਦਾ ਰਹਿਣ ਦਾ ਅੰਦੀਆ ਵੀ ਦਿੰਦਾ ਹੈ। ਜ਼ਫ਼ਰ ਅਵਾਨ ਦੀ ਸ਼ਾਇਰੀ ਇੱਕ ਨਵਾਂ ਸੰਗੇ-ਮੀਲ ਏ ਤੇ ਪੰਜਾਬੀ ਜ਼ੁਬਾਨ ਦਾ ਹੌਸਲਾ ਵੀ।

**ਅਫ਼ਜ਼ਾਲ ਨਵੀਦ**
**ਕੈਨੇਡਾ।**



# ਸੋਹਣੇ ਖ਼ਿਆਲਾਂ ਦੀ ਸ਼ਾਇਰੀ ਦਾ ਮਜਮੂਆ

ਖ਼ੁਸ਼ਬੂ ਕਿਸੇ ਫੁੱਲ ਦੀ ਹੋਵੇ ਜਾਂ ਖ਼ਿਆਲ ਦੀ, ਆਪਣੇ ਆਲ-ਦਵਾਲ ਨੂੰ ਮਹਿਕਾ ਕੇ ਆਪਣੀ ਹੋਂਦ ਦਾ ਸੁਨੇਹਾ ਬਣਦੀ ਹੈ। ਇੰਞ ਉਹ ਨਾਲ਼ ਜੁੜੀ ਲੁਕਾਈ ਦੀ ਪੂਰੀ ਮੂਰਤ ਹੁੰਦੀ ਹੈ। ਭਾਵੇਂ ਉਹ ਅੱਖਰਾਂ ਨਾਲ਼ ਕਾਗ਼ਜ਼ ਤੇ ਉਲੀਕੀ ਹੋਵੇ ਜਾਂ ਕਿਸੇ ਮੁਸੱਵਰ ਦੇ ਰੰਗਾਂ ਵਿੱਚੋਂ ਬੋਲਦੇ ਮੰਜ਼ਰ ਦਾ ਹਿੱਸਾ, ਇਹਨੂੰ ਵਿਖਾਉਣ ਤੇ ਮਹਿਸੂਸ ਕਰਨ ਲਈ ਅੰਦਰ ਝਾਤੀ ਪਾਂਦਿਆਂ ਅੱਖਾਂ ਨੂੰ ਮੰਜ਼ਰ ਵਿੱਚ ਰੱਖਣਾ ਪੈਂਦਾ ਹੈ, ਤਾਂ ਹੀ ਅੱਖਰਾਂ ਤੇ ਰੰਗਾਂ ਵਿੱਚੋਂ ਤਖ਼ਲੀਕਕਾਰ ਤਾਈਂ ਅੱਪੜ ਹੁੰਦੀ ਹੈ।

**ਅੱਜ-ਕੱਲ ਮੇਰੇ ਚਾਰ ਚੁਫੇਰੇ ਖ਼ੁਸ਼ਬੂ ਏ,**
**ਮੈਂ ਫੁੱਲਾਂ ਦੇ ਸੀਨੇ ਖੋਲ੍ਹ ਕੇ ਬੈਠਾ ਵਾਂ।**

ਧਰਤੀ ਦੇ ਨਵੇਕਲੇ ਰੰਗਾਂ ਦੀ ਚਾਹਤ ਹੀ ਸ਼ਾਇਰ ਦੀ ਮੁੱਢਲੀ ਮੁਹੱਬਤ ਹੁੰਦੀ ਹੈ। ਜ਼ਫ਼ਰ ਅਵਾਨ ਦੀ ਸ਼ਾਇਰੀ ਵਿੱਚ ਧਰਤੀ ਦੇ ਸਭ ਰੰਗ ਰਲ ਕੇ ਸਾਨੂੰ ਦੱਸਦੇ ਨੇ ਕਿ ਉਹਨਾਂ ਦੀ ਮੁਹੱਬਤ ਦਾ ਕਿਹੜਾ ਮੌਸਮ, ਕਿਹੜੇ ਵੇਲੇ ਉਹਨਾਂ 'ਤੇ ਮਿਹਰਬਾਨ ਹੋਇਆ ਤੇ ਕਿਹੜੀ ਉਮਰੇ ਵਿਛੋੜੇ ਦੀ ਸੱਟ ਮਾਰ ਕੇ ਵੱਖ ਹੋਇਆ। ਜ਼ਫ਼ਰ ਅਵਾਨ ਮੁਹੱਬਤ ਦੇ ਜਜ਼ਬਿਆਂ ਨੂੰ ਅੱਖਰਾਂ ਵਿੱਚ ਇੰਞ ਢਾਲਦਾ ਹੈ ਕਿ ਅੱਖਰ ਬੋਲਦੇ ਜਾਪਦੇ ਨੇ। ਉਹਦੀ ਮੁਹੱਬਤ ਕਿਸੇ ਉਚੇਚੀ ਮੂਰਤ ਤੀਕਰ ਈ ਰੁੱਕ ਨਹੀਂ ਜਾਂਦੀ, ਸਗੋਂ ਧਰਤੀ ਨੂੰ ਕਲਾਵੇ ਵਿੱਚ ਲੈ ਕੇ ਇੰਞ ਜੱਫੀ ਪਾਉਂਦੀ ਹੈ ਕਿ ਮਿੱਟੀ, ਧੁੱਪ ਚਾਨਣੀ, ਹਵਾ ਤੇ ਬੱਦਲ ਉਹਦੇ ਮਨ ਦੇ ਵਿਹੜੇ ਆ ਬਹਿੰਦੇ ਨੇ। ਫਿਰ ਉਹ ਦਿਲ ਤੋਂ ਛੋਹੀ ਗੱਲ ਅਗਾਂਹ ਵਧਾਉਂਦਿਆਂ ਜੱਗ ਦੇ ਖਿਲਾਰ ਦਾ ਹਿੱਸਾ ਬਣ ਜਾਂਦਾ ਹੈ। ਇੱਥੇ ਉਹਦੇ 'ਤੇ ਖੁੱਲ੍ਹਦਾ ਏ ਕਿ ਉਹ ਦੀ ਮਿੱਟੀ ਤੇ ਇਸ਼ਕ ਦੀ ਭੱਠੀ ਵਿੱਚ ਪੱਕ ਕੇ ਖਣਕਣ ਲੱਗ ਪਈ ਹੈ, ਇਹ ਖਣਕ ਹੀ ਉਹਦੀ ਮੰਜ਼ਲ ਹੈ, ਜਿਹਦੇ ਵਿੱਚ ਧਮਾਲ ਦਾ ਰੰਗ ਵੀ ਏ ਯਾਰ ਦੀ ਚਾਹ ਵੀ ਜੁੱਸੇ 'ਚ ਬੈਠੀ ਮੈਂ ਨੂੰ ਫਾਹੇ ਲਾ ਕੇ ਪਾਕ-ਸਾਫ਼ ਹੋਣਾ ਵੀ। ਅਲਬੇਲੀ ਚਾਹਤ ਅੱਥਰੂਆਂ ਵਿੱਚ ਪਰੋ ਕੇ, ਜੁੱਸੇ ਵਿੱਚ ਘੋਲ਼ ਦਿੱਤੀ ਗਈ ਹੈ। ਇਸੇ ਲਈ ਨਿੰਮੇ-ਨਿੰਮੇ ਹਾਸੇ ਵਿੱਚ ਵੀ ਉਦਾਸੀ ਦੀ ਝਾਤ ਦਿਸਦੀ ਹੈ। ਮੁਹੱਬਤ ਦੀ ਸਵੇਰ ਤੇ ਸ਼ਾਮ ਦਾ ਮੰਜ਼ਰ ਬਦਲਦੀਆਂ ਰੁੱਤਾਂ ਦੀ ਲੰਮੀ ਕਹਾਣੀ ਵਾਂਗ ਹੈ, ਜਿਹੜੀ ਸ਼ਾਇਰ ਦੇ ਦਿਲ 'ਤੇ ਵਾਪਰਦੀ ਹੋਈ ਹਯਾਤੀ ਦੇ

ਨਵੇਂ ਮਾਇਨੇ ਦੱਸਦੀ ਅੱਗੇ ਟੁਰਦੀ ਹੈ। ਇਸ ਪਰਾਗੇ ਵਿੱਚ ਪ੍ਰੇਮ ਕਹਾਣੀ ਦੇ ਨਾਲ਼-ਨਾਲ਼ ਲੁਕਾਈ ਦੇ ਵਿਹਾਰ ਦਾ ਮੁਹਾਂਦਰਾ ਵੀ ਮੌਜੂਦ ਹੈ। ਪੁਰਾਣੀਆਂ ਸਿਖ਼ਰ ਦੁਪਹਿਰਾਂ ਤੇ ਹਨ੍ਹੇਰੀਆਂ ਦੀ ਗੱਲ ਕਰਦਿਆਂ ਸਮੇਂ ਦੇ ਘੱਟ ਜਾਵਣ ਦਾ ਸਿਆਪਾ ਬੰਦਿਆਂ ਦੀ ਨੱਸ-ਭੱਜ 'ਤੇ ਵੈਣ ਪਾਉਂਦੇ ਨਜ਼ਰ ਆਉਂਦੇ ਨੇ। ਜ਼ਫ਼ਰ ਅਵਾਨ ਦੀ ਸ਼ਾਇਰੀ ਵਿੱਚ ਆਸ, ਉਮੀਦ ਤੇ ਉਡੀਕ ਦਾ ਪੱਲਾ ਨਾ ਛੱਡਣ ਦੀ ਸਲਾਹ, ਹਯਾਤੀ ਤੇ ਰੋਸ਼ਨ ਮੁੱਖ ਵੱਲ ਵੇਖਣ ਦਾ ਪ੍ਰਬੰਧ ਹੈ। ਉਹ ਮਾੜੇ ਹਾਲਾਂ ਵਿੱਚ ਵੀ ਚੰਗੇ ਵੇਲੇ ਦੇ ਸੁਫ਼ਨੇ ਨਾਲ਼ ਚੁੱਕੀ ਫਿਰਦੇ ਨੇ। ਇਹਨਾਂ ਖ਼ਾਬਾਂ ਲਈ ਉਹ ਨੀਂਦਰ ਦੀ ਕੁਰਬਾਨੀ ਦੇ ਕੇ ਸਾਨੂੰ ਆਪਣੇ ਨਾਲ਼ ਲੈ ਕੇ ਚੱਲਦੇ ਨੇ। ਇਹ ਸੋਹਣੇ ਖ਼ਿਆਲਾਂ ਦੀ ਸ਼ਾਇਰੀ ਦਾ ਮਜਮੂਆ ਸਾਨੂੰ ਆਪਣੇ ਨਾਲ਼ ਮਿਲਾਵਣ ਦਾ ਆਹਰ ਹੈ।

**ਡਾ: ਸੁਗਰਾ ਸਦਫ਼**
**ਡਾਇਰੈਕਟਰ ਪੰਜਾਬ ਇੰਸਟੀਚਿਊਟ ਆੱਫ਼ ਲੈਂਗੁਏਜ ਆਰਟ ਐਂਡ ਕਲਚਰ**
**ਗੌਰਮੈਂਟ ਆਫ਼ ਪੰਜਾਬ**
**ਲਹਿੰਦਾ ਪੰਜਾਬ (ਪਾਕਿਸਤਾਨ)**



# ਮੈਂ ਤੇ ਮੇਰੀ ਮਾਂ ਬੋਲੀ

ਮੇਰਾ ਮਾਂ ਬੋਲੀ ਨਾਲ਼ ਰਿਸ਼ਤਾ ਮਾਂ ਤੇ ਪੁੱਤ ਵਰਗਾ ਹੈ। ਪੰਜਾਬੀ ਵਿੱਚ ਗੱਲ ਕਰਾਂ ਤੇ ਲੱਗਦਾ ਮੈਂ ਪਰਦੇਸੀ ਹੁੰਦਿਆਂ ਹੋਇਆਂ ਵੀ ਪਿੰਡ ਦੇ ਘਰ ਦੇ ਵਿਹੜੇ, ਬਰਾਂਡੇ, ਬੈਠਕ ਜਾਂ ਕਿਸੇ ਹੋਰ ਕਮਰੇ ਵਿੱਚ ਬੈਠਾ ਹੋਇਆ ਵਾਂ। ਮੈਨੂੰ ਅਕਸਰ ਲੋਕ ਆਖਦੇ ਨੇ, "ਤੂੰ ਕੀ ਹਰ ਵੇਲੇ ਮਾਂ ਬੋਲੀ ਦੀ ਰੱਟ ਲਾਈ ਰੱਖਦੈ। ਪੰਜਾਬੀ ਦਾ ਖਹਿੜਾ ਛੱਡ ਦੇ। ਪੰਜਾਬੀ ਵਿੱਚ ਸ਼ਾਇਰੀ ਕਰਕੇ ਤੂੰ ਕਦੇ ਵੀ ਵੱਡਾ ਸ਼ਾਇਰ ਨਹੀਂ ਬਣ ਸਕਦਾ।" ਮੈਂ ਉਹਨਾਂ ਨੂੰ ਹਮੇਸ਼ਾ ਇਹੋ ਆਖਦਾ ਵਾਂ ਕਿ ਭਾਵੇਂ ਮੈਂ ਵੱਡਾ ਸ਼ਾਇਰ ਬਣਾਂ ਜਾਂ ਨਾ ਬਣਾਂ ਪਰ ਮੈਂ ਪੰਜਾਬੀ ਨਹੀਂ ਛੱਡ ਸਕਦਾ। ਮੰਨਿਆ ਮੇਰੀਆਂ ਮਜਬੂਰੀਆਂ ਨੇ ਮੈਨੂੰ, ਮੇਰੀ ਮਾਂ ਤੇ ਧਰਤੀ ਮਾਂ ਤੋਂ ਦੂਰ ਕਰ ਦਿੱਤਾ ਹੈ, ਪਰ ਜੇ ਮੈਂ ਮਾਂ ਬੋਲੀ ਤੋਂ ਦੂਰ ਹੋ ਗਿਆ ਤਾਂ ਕਸਮ ਖ਼ੁਦਾ ਦੀ, ਮੈਂ ਮਰ ਜਾਵਾਂਗਾ। ਪੰਜਾਬੀ ਜ਼ੁਬਾਨ ਮੇਰੇ ਸਾਹਾਂ ਵਿੱਚ ਵੱਸਦੀ ਹੈ ਤੇ ਮੈਨੂੰ ਪੰਜਾਬੀ ਤੋਂ ਦੂਰ ਵੀ ਮੇਰੇ ਸਾਹ ਹੀ ਕਰ ਸਕਦੇ ਨੇ। ਮੈਂ ਤੁਹਾਨੂੰ ਆਪਣੇ ਮੂੰਹੋਂ ਆਪਣੀ ਸ਼ਾਇਰੀ ਬਾਰੇ ਦੱਸਣ ਦੀ ਲੋੜ ਨਹੀਂ ਸਮਝਦਾ, ਕਿਉਂਕਿ ਤਜੱਮਲ ਕਲੀਮ ਸਾਹਿਬ ਹੋਰਾਂ, ਇਰਸ਼ਾਦ ਸੰਧੂ ਜੀ ਹੋਰਾਂ, ਰਸ਼ੀਦ ਨਦੀਮ ਹੋਰਾਂ, ਨਵੀਦ ਅਫ਼ਜ਼ਾਲ ਹੋਰਾਂ ਤੇ ਮੋਹਤਰਮਾ ਸੁਗਰਾ ਸਦਫ਼ ਹੋਰਾਂ ਜਿਹੇ ਵੱਡੇ ਲਿਖਾਰੀਆਂ ਦੇ ਮਜ਼ਮੂਨ ਪੜ੍ਹਨ ਤੋਂ ਬਾਅਦ ਇਸ ਗੱਲ ਦੀ ਥੋੜ੍ਹੀ ਜਿੰਨੀ ਗੁੰਜਾਇਸ਼ ਵੀ ਨਹੀਂ ਬਚਦੀ। ਇਸ ਲਈ ਮੈਂ ਮੌਕੇ ਤੋਂ ਫ਼ਾਇਦਾ ਚੁੱਕਦਿਆਂ ਹੋਇਆਂ ਆਪਣੇ ਬਾਰੇ ਜ਼ਰੂਰ ਦੱਸਣਾ ਚਾਹਵਾਂਗਾ। ਮੈਂ ਕਿੰਗਰਾ ਰੋਡ ਸਿਆਲਕੋਟ ਤੇ ਵਾਕਿਆ ਪਿੰਡ ਹਰਪਾਲ ਵਿੱਚ ਅੱਖ ਖੋਲ੍ਹੀ। ਗੌਰਮੈਂਟ ਹਾਈ ਸਕੂਲ ਮਰਾਜਕੇ ਤੋਂ ਮੈਟ੍ਰਿਕ ਕੀਤਾ ਤੇ ਜਿਨਾਹ ਇਸਲਾਮੀਆ ਕਾਲਜ ਸਿਆਲਕੋਟ ਤੋਂ ਐੱਫ.ਐੱਸ.ਸੀ. ਕੀਤੀ, ਯੂਨੀਵਰਸਿਟੀ ਆਫ਼ ਸੈਂਟਰਲ ਪੰਜਾਬ ਲਾਹੌਰ ਤੋਂ ਬੀ.ਐੱਸ.ਸੀ. ਕੰਪਿਊਟਰ ਸਾਇੰਸ ਕਰਨ ਤੋਂ ਬਾਅਦ ਬੀ.ਟੀ.ਐੱਚ. ਯੂਨੀਵਰਸਿਟੀ ਸਵੀਡਨ ਤੋਂ ਐੱਮ.ਐੱਸ.ਸੀ. ਇਲੈਕਟ੍ਰੀਕਲ ਇੰਜੀਨੀਅਰਿੰਗ ਕੀਤੀ। 2009 ਤੋਂ ਬੱਚਿਆਂ ਦੀ ਰੋਜ਼ੀ-ਰੋਟੀ ਲਈ ਡੈਨਮਾਰਕ ਵਿੱਚ ਰਹਿ ਰਿਹਾ ਵਾਂ। ਹੁਣ ਤੀਕਰ ਮੇਰੇ ਅੱਠ ਸ਼ਿਅਰੀ ਪਰਾਗੇ ਛਪ ਚੁੱਕੇ ਨੇ। ਜਿਨ੍ਹਾਂ 'ਚ ਪੰਜ ਪੰਜਾਬੀ ਸ਼ਿਅਰੀ ਮਜਮੂਏ ਜ਼ਿਮੀਂ ਸੱਧਰਾਂ ਦੀ, ਉਮਰਾਂ ਦੇ ਖੂਹ, ਕੰਧਾਂ ਉੱਤੇ ਘਾਹ,

ਵਾਸ਼ਨਾ ਤੇ ਲਲਕਰ ਸ਼ਾਮਲ ਨੇ ਤੇ ਤਿੰਨ ਉਰਦੂ ਸ਼ਿਅਰੀ ਮਜਮੂਏ ਆਰਜ਼ੂ-ਏ-ਸਹਰ, ਮੁਹਾਜਰ ਪਰਿੰਦੇ ਤੇ ਧੀਮੀ ਅਜ਼ਾਨੇ ਦੇ ਨਾਵਾਂ ਤੋਂ ਸ਼ਾਮਿਲ ਨੇ। ਮੇਰੀ ਹਥਲੀ ਪੁਸਤਕ 'ਧੀ ਜੋ ਹੋਈ' ਵਿੱਚ ਮੇਰੇ ਪੰਜਾਬੀ ਦੇ ਪਹਿਲੇ ਤਿੰਨ ਸ਼ਿਅਰੀ ਪਰਾਗਿਆਂ ਜ਼ਿਮੀਂ ਸੱਧਰਾਂ ਦੀ, ਉਮਰਾਂ ਦੇ ਖ਼ੂਹ ਤੇ ਕੰਧਾਂ ਉੱਤੇ ਘਾਹ ਵਿੱਚੋਂ ਚੋਣਵਾਂ ਕਲਾਮ ਸ਼ਾਮਲ ਹੈ। ਮੈਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲ਼ ਇਸ਼ਕ ਦੀ ਹੱਦ ਤੀਕ ਮੁਹੱਬਤ ਹੈ। ਪਰ ਮੈਂ ਪੰਜਾਬੀ ਦੇ ਨਾਲ਼-ਨਾਲ਼ ਉਰਦੂ ਵਿੱਚ ਸ਼ਿਅਰ ਇਸ ਲਈ ਕਹਿੰਦਾ ਵਾਂ ਕਿ ਮੈਂ ਦੁਨੀਆਂ ਦੀ ਅੱਖ ਵਿੱਚ ਅੱਖ ਪਾ ਕੇ ਆਖ ਸਕਾਂ ਪੰਜਾਬੀ ਵਿੱਚ ਲਿਖਣਾ ਮੇਰੀ ਮਜਬੂਰੀ ਨਹੀਂ, ਮਨ ਮਰਜ਼ੀ ਦਾ ਸੌਦਾ ਹੈ।

**ਜ਼ਫ਼ਰ ਅਵਾਨ**
**ਕੋਪਨਹਿੰਗਨ, ਡੈਨਮਾਰਕ**
**ਮੋਬਾ.** 004571723350



# 1

ਰੱਬ ਸੋਹਣੇ ਨੇ ਅਪਣਾ ਕਰਮ ਕਮਾਇਆ ਏ,
ਮੇਰੇ ਐਬਾਂ ਉੱਤੇ ਪਰਦਾ ਪਾਇਆ ਏ।

ਉਹਨੇ ਮੇਰਾ ਤਨ ਮਨ ਰੋਸ਼ਨ ਕੀਤਾ ਏ,
ਮੈਂ ਵੀ ਉਹਦੇ ਨਾਂ ਦਾ ਦੀਪ ਜਲਾਇਆ ਏ।

ਪੱਕਾ ਸੀ ਈਮਾਨ ਕਿ ਕੁੰਡੀ ਖੋਲ੍ਹੇਗਾ,
ਆਉਂਦੇ ਜਾਂਦੇ ਬੂਹਾ ਵੀ ਖੜਕਾਇਆ ਏ।

ਮੁਰਸ਼ਦ ਦੱਸਿਆ ਸੋਹਣਾ ਚਿੱਤ ਵਿੱਚ ਵੱਸਦਾ ਏ,
ਇਸੇ ਲਈ ਤੇ ਦਿਲ ਦਾ ਠੋਰ ਸਜਾਇਆ ਏ।

ਮੇਰੇ ਸੁਰ ਤੇ ਤਾਲ 'ਚ ਅਰਬੀ ਢੋਲਣ ਏ,
ਅੱਜ ਮੈਂ ਇਲੱਲਾਹ ਦਾ ਢੋਲ ਵਜਾਇਆ ਏ।

ਜੰਗਲ਼ ਬੇਲੇ ਵਿੱਚ ਤੂੰ ਜਿਹਨੂੰ ਲੱਭਨਾ ਏ,
ਉਹਨੇ ਮੈਨੂੰ ਕੂਕਾਂ ਮਾਰ ਬੁਲਾਇਆ ਏ।

"ਜ਼ਫ਼ਰੀ" ਉਹ ਸ਼ਾਹ ਰਗ ਤੋਂ ਨੇੜੇ ਵੱਸਦਾ ਏ,
ਜਿਸ ਨੇ ਅਰਸ਼ਾਂ ਉੱਤੇ ਡੇਰਾ ਲਾਇਆ ਏ।

## 2

ਸੋਚ ਨੂੰ ਸੁੱਚਾ ਹੋਵਣ ਦੇ,
ਜ਼ਿਕਰ ਨਬੀ ਦਾ ਛੋਵਣ ਦੇ।

ਪਹਿਰੇਦਾਰਾ ਵੱਸੇ ਤੂੰ,
ਰੋਜ਼ੇ ਕੋਲ ਖਲੋਵਣ ਦੇ।

ਸੋਹਣੇ ਰਾਜ਼ੀ ਹੋ ਜਾਣਾ,
ਅੱਖ ਨੂੰ ਭੋਰਾ ਰੋਵਣ ਦੇ।

ਨੂਰ ਦੇ ਵਗਦੇ ਚਸ਼ਮੇ 'ਚੋਂ,
ਇੱਕ ਦੋ ਮਸ਼ਕਾਂ ਢੋਵਣ ਦੇ।

ਰਹਿਮਤ ਦੇ ਇਸ ਮੀਂਹ ਹੇਠਾਂ,
ਬੀਬਾ ਤਨ ਮਨ ਧੋਵਣ ਦੇ।

ਜਾਗੇ ਲੇਖ ਨਿਮਾਣੇ ਦੇ,
ਬਦਬਖ਼ਤੀ ਨੂੰ ਸੋਵਣ ਦੇ।

ਸਬਰਾਂ ਦਾ ਫਲ ਪੱਕਿਆ ਏ,
"ਜ਼ਫ਼ਰੀ" ਨੂੰ ਅੱਜ ਖੋਵਣ ਦੇ।



## 3

ਪਾਕ ਹੁਸੈਨ ਦੇ ਗੀਤ ਮੈਂ ਗਾਵਾਂ,
ਹੈਦਰ ਤੋਂ ਮੈਂ ਸਦਕੇ ਜਾਵਾਂ।

ਅਸਗ਼ਰ ਲਈ ਜਿਸ ਰਾਹ ਨਾ ਬਦਲੀ,
ਉਸ ਦਰਿਆ ਨੂੰ ਅੱਗ ਵਿੱਚ ਪਾਵਾਂ।

ਕਰਬਲ ਵੱਲ ਮੂੰਹ ਕਰਕੇ ਮੰਗਾਂ,
ਹੋ ਜਾਵਣ ਮਨਜ਼ੂਰ ਦੁਆਵਾਂ।

ਸ਼ਾਲਾ ਗ਼ਾਜ਼ੀ ਵਰਗੇ ਹੋਵਣ,
ਪੁੱਤਰ ਜਦ ਵੀ ਜੰਮਣ ਮਾਵਾਂ।

ਜੁੱਸੇ ਅੰਦਰ ਖ਼ੂਨ ਅਲੀ ਦਾ,
ਜ਼ੁਲਮਾਂ ਦੇ ਮੈਂ ਖ਼ੈਬਰ ਢਾਵਾਂ।

ਹਾਂ "ਅਵਾਨ" ਮੈਂ ਪੁੱਤ ਗ਼ਾਜ਼ੀ ਦਾ,
ਮੇਰੀ ਗੁੜ੍ਹਤੀ ਵਿੱਚ ਵਫ਼ਾਵਾਂ।

## 4

ਹੱਕ 'ਤੇ ਖੜਨਾ ਹੁਸੈਨ ਤੋਂ ਸਿੱਖੋ,
ਸੱਚ ਲਈ ਮਰਨਾ ਹੁਸੈਨ ਤੋਂ ਸਿੱਖੋ।

ਲਾਸ਼ੇ ਚੁੱਕ ਚੁੱਕ ਹੁਸੈਨ ਟੁੱਟਿਆ ਨਈਂ,
ਦੁੱਖ ਨੂੰ ਜਰਨਾ ਹੁਸੈਨ ਤੋਂ ਸਿੱਖੋ।

ਮੌਤ ਦੀ ਅੱਖ 'ਚ ਅੱਖਾਂ ਪਾ ਕੇ ਤੇ,
ਸਜਦੇ ਕਰਨਾ ਹੁਸੈਨ ਤੋਂ ਸਿੱਖੋ।

ਥੋੜ੍ਹੇ ਹੋ ਕੇ ਵੀ ਹੱਕ ਤੇ ਡੱਟ ਜਾਓ,
ਜੰਗ ਲੜਨਾ ਹੁਸੈਨ ਤੋਂ ਸਿੱਖੋ।

ਰੋਣਾ ਪਿੱਟਣਾ ਈ "ਜ਼ਫ਼ਰੀ" ਕਾਫ਼ੀ ਨਈਂ,
ਨੇਜ਼ੇ ਚੜ੍ਹਨਾ ਹੁਸੈਨ ਤੋਂ ਸਿੱਖੋ।



## 5

ਹੱਸਦੀ-ਹੱਸਦੀ ਰੁਕ ਜਾਂਦੀ ਏ ਧੀ ਜੋ ਹੋਈ,
ਦੇਸ ਪਰਾਏ ਲੁਕ ਜਾਂਦੀ ਏ ਧੀ ਜੋ ਹੋਈ।

ਬਾਬਲ ਦੀ ਪੱਗ ਵੀਰ ਦੀ ਇੱਜ਼ਤ ਖ਼ਾਤਰ ਚੰਦਰੀ,
ਟੁੱਟੇ ਨਾ ਤੇ ਝੁਕ ਜਾਂਦੀ ਏ ਧੀ ਜੋ ਹੋਈ।

ਨਿੱਕੀ-ਨਿੱਕੀ ਗੱਲ 'ਤੇ ਰੋਸੇ ਪਾਵਣ ਵਾਲ਼ੀ,
ਇਕ ਦਾਬੇ ਵਿੱਚ ਮੁੱਕ ਜਾਂਦੀ ਏ ਧੀ ਜੋ ਹੋਈ।

ਬੋਹੜਾਂ ਹੇਠਾਂ ਫੁੱਟੀ ਹੋਈ ਬੂਟੀ ਵਾਂਙੂੰ,
ਉੱਗਦੇ-ਉੱਗਦੇ ਸੁੱਕ ਜਾਂਦੀ ਏ ਧੀ ਜੋ ਹੋਈ।

ਬਾਪ ਦੀ ਕਬਰ 'ਤੇ ਜਾ ਕੇ "ਜ਼ਫ਼ਰੀ" ਰੋ ਲੈਂਦੀ ਏ,
ਮਾਲੋ-ਜ਼ਰ 'ਤੇ ਥੁੱਕ ਜਾਂਦੀ ਏ ਧੀ ਜੋ ਹੋਈ।

6

ਢੋਲੇ ਮਾਹੀਏ ਟੱਪੇ ਗਾਵਾਂ ਵਤਨਾਂ 'ਤੇ,
ਉੱਜੜੀ ਰਹਿਤਲ ਫੇਰ ਵਸਾਵਾਂ ਵਤਨਾਂ 'ਤੇ।

ਰੋਜ਼ਾ ਰੱਖ ਕੇ ਮੰਗ ਦੁਆਵਾਂ ਮੇਰੇ ਲਈ,
ਇਸ ਵਾਰੀ ਮੈਂ ਈਦ ਮਨਾਵਾਂ ਵਤਨਾਂ 'ਤੇ।

ਜੀਅ ਕਰਦਾ ਏ ਵੀਜ਼ੇ ਕਾਮੇ ਸਾੜ ਦਿਆਂ,
ਯਾਰ ਪੁਰਾਣੇ ਲੱਭਣ ਜਾਵਾਂ ਵਤਨਾਂ 'ਤੇ।

ਰੋਟੀ ਉੱਤੇ ਸਾਗ ਤੇ ਪੇੜਾ ਮੱਖਣ ਦਾ,
ਮਾਂ ਦੇ ਹੱਥੋਂ ਜਾ ਕੇ ਖਾਵਾਂ ਵਤਨਾਂ 'ਤੇ।

ਪਰਦੇਸਾਂ ਵਿੱਚ ਰੋ-ਰੋ ਅਰਜ਼ ਗੁਜ਼ਾਰਾ ਮੈਂ,
ਸ਼ਾਲਾ ਹੋਣ ਨਾ ਹੌਕੇ ਹਾਵਾਂ ਵਤਨਾਂ 'ਤੇ।

ਧਰਤੀ ਮਾਂ ਦਾ ਸੀਨਾ ਵਾਂਗ ਮਸੀਤਾਂ ਦੇ,
ਮੈਂ ਵੀ ਜਾ ਕੇ ਸੀਸ ਨਿਵਾਵਾਂ ਵਤਨਾਂ 'ਤੇ।

ਚੰਦਰੀ ਲਿਖ ਕੇ ਘੱਲਿਆ "ਜ਼ਫ਼ਰੀ" ਚਿੱਠੀ ਵਿੱਚ,
ਤੈਨੂੰ ਕੂਕਾਂ ਮਾਰ ਬੁਲਾਵਾਂ ਵਤਨਾਂ 'ਤੇ।



7

ਚਾਨਣ ਤੋਂ ਬਿਨ ਕਰ ਨਾ ਸਕਿਆ ਅੰਬਰਵਾਸ ਗੁਜ਼ਾਰਾ,
ਚੰਨ ਦੇ ਬੂਹੇ ਆਣ ਖਲੋਤਾ ਸਰਘੀ ਵਾਲ਼ਾ ਤਾਰਾ।

ਲਗਦੈ ਸੱਜਣਾ ਤੈਨੂੰ ਹਾਲੇ ਝੂਠ ਦਾ ਵਲ ਨਈਂ ਆਇਆ,
ਮੁਖੜਾ ਚੁਗਲੀ ਕਰ ਜਾਂਦਾ ਏ ਜਦ ਵੀ ਲਾਵੇਂ ਲਾਰਾ।

ਯਾਦ ਤਿਰੀ ਨੇ ਆ ਕੇ ਮੇਰੇ ਪੋਹ ਨੂੰ ਚੇਤਰ ਕੀਤਾ,
ਜੇ ਤੂੰ ਆਪੇ ਆ ਜਾਂਦਾ ਤੇ ਮੁੱਕਦਾ ਅੰਦਰੋਂ ਠਾਰਾ।

ਮੇਰੇ ਆਣ ਤੋਂ ਪਹਿਲਾਂ ਉਹਨੇ ਬੂਹੇ ਫੁੱਲ ਸਜਾਏ,
ਵਿਹੜੇ ਗੋਤੀ ਫੇਰੀ ਨਾਲ਼ੇ ਕੰਧ 'ਤੇ ਲਾਇਆ ਗਾਰਾ।

ਤੇਰੇ ਲੇਖਾਂ ਵਿੱਚ ਫ਼ਿਰਾਕ ਦੀ ਰਾਤ ਕਦੇ ਨਾ ਆਉਂਦੀ,
ਮੁੱਖ ਨੂੰ ਸੂਰਜ ਕਰ ਲੈਂਦਾ ਮੈਂ ਚਲਦਾ ਜੇਕਰ ਚਾਰਾ।

ਇਹ ਨਾ ਹੋਵੇ ਯਾਰੀ ਵਾਂਙੂੰ ਵੈਰ ਵੀ ਕਰ ਨਾ ਪਾਏ,
ਗੋਲੀ ਜਦ ਤੂੰ ਮਾਰੇਂ ਮੈਨੂੰ ਹੱਥ ਨਾ ਕੰਬੇ ਯਾਰਾ।

ਤੇਰੀ ਬੇਪਰਵਾਹੀ ਬੀਬਾ ਚਿੱਤ ਨੂੰ ਚੀਰੀ ਜਾਵੇ,
ਜਿਸਰਾਂ ਲੱਕੜੀ ਅੰਦਰ "ਜ਼ਫ਼ਰੀ" ਫਿਰਦਾ ਜਾਵੇ ਆਰਾ।

## 8

ਝੱਲ ਪਲਕਾਂ ਦੀ ਮਾਰ ਵੇ ਢੋਲਾ ਚਿੱਤ ਸੜਦੈ,
ਲੜ ਨਾ ਜਾਂਦੀ ਵਾਰ ਵੇ ਢੋਲਾ ਚਿੱਤ ਸੜਦੈ।

ਹਿਜਰ ਦਾ ਭਾਂਬੜ ਬਾਲ ਕੇ ਦੀਵੇ ਲੱਭਨਾ ਏ,
ਇੰਞ ਨਾ ਕਹਿਰ ਗੁਜ਼ਾਰ ਵੇ ਢੋਲਾ ਚਿੱਤ ਸੜਦੈ।

ਅਪਣੇ ਵਾਲ ਖਿਲਾਰ ਵੇ ਮੇਰੇ ਸੀਨੇ 'ਤੇ,
ਮੈਨੂੰ ਅੰਦਰੋਂ ਠਾਰ ਵੇ ਢੋਲਾ ਚਿੱਤ ਸੜਦੈ।

ਸੱਜਣਾ ਬਾਝੋਂ ਸਦੀਆਂ ਵਾਂਗਰ ਲੱਗਦੇ ਨੇ,
ਜੀਵਨ ਦੇ ਦਿਨ ਚਾਰ ਵੇ ਢੋਲਾ ਚਿੱਤ ਸੜਦੈ।

ਅੱਧੀ ਰਾਤ ਨੂੰ ਦੱਸ ਖਾਂ ਕਿਹੜੇ ਦਫ਼ਤਰ ਵਿੱਚ,
ਹੋਵਣ ਕਾਰੋਬਾਰ ਵੇ ਢੋਲਾ ਚਿੱਤ ਸੜਦੈ।

ਮੌਲਾ ਦੀ ਸਹੁੰ ਤੇਰੇ ਸਿਰ ਤੋਂ ਵਾਰ ਦਿਆਂ,
ਬੰਗਲਾ ਕੋਠੀ ਕਾਰ ਵੇ ਢੋਲਾ ਚਿੱਤ ਸੜਦੈ।

ਜੇ ਤੂੰ "ਜ਼ਫ਼ਰੀ" ਹੋਰ ਕਿਸੇ ਵੱਲ ਤੱਕਿਆ ਤੇ,
ਮੈਂ ਨਈਂ ਬਚਣਾ ਯਾਰ ਵੇ ਢੋਲਾ ਚਿੱਤ ਸੜਦੈ।



## 9

ਕਿਹੜਾ ਬਚਿਆ ਕਿਹੜਾ ਫਸਿਆ ਦੱਸਾਂਗੇ,
ਅੱਗਾਂ ਉੱਤੇ ਕਿਹੜਾ ਨੱਚਿਆ ਦੱਸਾਂਗੇ।

ਕਿਹਨੇ-ਕਿਹਨੇ ਬੈਠ ਤਮਾਸ਼ਾ ਤੱਕਿਆ ਸੀ,
ਕਿਹਨੇ ਤੈਨੂੰ ਜਾ ਕੇ ਦੱਸਿਆ ਦੱਸਾਂਗੇ।

ਗਿਣਤੀ ਪੂਰੀ ਹੋ ਜਾਵਣ ਦੇ ਲਾਸ਼ਾਂ ਦੀ,
ਕਿਹੜਾ ਲੜਿਆ ਕਿਹੜਾ ਨੱਸਿਆ ਦੱਸਾਂਗੇ।

ਕਿਹਨੇ ਦੀਵਾ ਬਾਲ਼ ਕੇ ਬਾਰੀ ਖੋਲ੍ਹੀ ਸੀ,
ਕਿਸਰਾਂ ਤੀਰ ਨਿਸ਼ਾਨੇ ਵੱਜਿਆ ਦੱਸਾਂਗੇ।

ਝੱਲਾ ਕਰਦਾ ਸੀ ਪ੍ਰਚਾਰ ਮੁਹੱਬਤ ਦਾ,
ਉਮਰੋਂ ਪਹਿਲਾਂ ਕਿਸਰਾਂ ਮਰਿਆ ਦੱਸਾਂਗੇ।

ਵਿੱਚ ਕਚਹਿਰੀ ਦ੍ਹਾੜਾਂ ਮਾਰ ਜੋ ਰੋਇਆ ਸੀ,
ਧੀ ਦਾ ਬਾਬਲ ਕਾਹਨੂੰ ਡਰਿਆ ਦੱਸਾਂਗੇ।

ਤੈਥੋਂ ਓਹਲਾ ਰੱਖਿਆ ਏ ਨਾ ਰੱਖਣਾ ਏ,
ਖੜ ਜਾ ਭੋਰਾ "ਜ਼ਫ਼ਰੀ" ਅੜਿਆ ਦੱਸਾਂਗੇ।

## 10

ਸਾਹ ਹਾੜੇ ਪਾਉਂਦੇ ਨੇ ਅੱਜ ਰੂਹ ਕੁਰਲਾਈ ਏ,
ਦੋ ਵਕਤ ਦੀ ਰੋਟੀ ਨੇ ਜਿੰਦ ਸੁੱਕਣੇ ਪਾਈ ਏ।

ਮਾਂ ਵਰਗੀ ਹਸਤੀ ਵੀ ਭੁੱਖਾਂ ਤੋਂ ਹਰ ਜਾਂਦੀ,
ਜੋ ਕੁੱਖ ਵਿੱਚ ਪਾਲ਼ੇ ਸੀ ਅੱਜ ਵੇਚਣ ਆਈ ਏ।

ਰੱਜੇ ਨੂੰ ਦਿਸਿਆ ਨਈਂ ਭੁੱਖੇ ਨੇ ਤੱਕਿਆ ਏ,
ਰੋਟੀ ਦੀ ਬੁਰਕੀ ਵਿੱਚ ਰੱਬ ਸ਼ਕਲ ਵਿਖਾਈ ਏ।

ਚਰਖਾ ਪਈ ਕੱਤਦੀ ਏ ਪੀੜਾਂ ਦੀ ਪੂਣੀ ਦਾ,
ਸਦੀਆਂ ਤੋਂ ਚੰਨ ਉੱਤੇ ਬੈਠੀ ਜੋ ਮਾਈ ਏ।

ਭਾਵੇਂ ਰਾਹ ਵੱਖਰੀ ਏ ਮੰਜ਼ਲ ਇੱਕ ਦੋਹਾਂ ਦੀ,
ਮੈਂ ਕੰਨ ਪੜਵਾਏ ਨੇ ਤੂੰ ਝਾਂਜਰ ਪਾਈ ਏ।

ਬੂਹਾ ਬੰਦ ਸੂਰਜ ਦਾ ਮੈਂ ਹੋਵਣ ਨਈਂ ਦੇਣਾ,
ਮੈਂ ਡੀਗਰ ਵੇਲ਼ੇ ਦੀ ਕੁੰਡੀ ਖੜਕਾਈ ਏ।



## 11

ਸੱਧਰਾਂ ਨੂੰ ਪਰਚਾਅ ਮੈਂ ਛੇਤੀ ਆਵਾਂਗਾ,
ਰੀਝਾਂ ਨੂੰ ਸਮਝਾ ਮੈਂ ਛੇਤੀ ਆਵਾਂਗਾ।

ਹੱਥ 'ਤੇ ਸੂਹੀ ਸਿਰ 'ਤੇ ਕਾਲੀ ਮਹਿੰਦੀ ਤੂੰ,
ਛੇਤੀ-ਛੇਤੀ ਲਾ ਮੈਂ ਛੇਤੀ ਆਵਾਂਗਾ।

ਧੀ ਦਾ ਲਹਿੰਗਾ ਪੁੱਤ ਦਾ ਸਿਹਰਾ ਘੱਲਿਆ ਏ,
ਪੂਰੇ ਕਰ ਲੈ ਚਾਅ ਮੈਂ ਛੇਤੀ ਆਵਾਂਗਾ।

ਤੇਰਾ ਰੂਪ ਸਰੂਪ ਤੇ ਬਚਪਨ ਬੱਚਿਆਂ ਦਾ,
ਦਿੱਤਾ ਵਕਤ ਗਵਾ ਮੈਂ ਛੇਤੀ ਆਵਾਂਗਾ।

ਰੱਬ ਦੇ ਘਰ ਵਿੱਚ ਦੇਰ ਤੇ ਹੈ ਪਰ 'ਨ੍ਹੇਰ ਨਹੀਂ,
ਆਸ ਦਾ ਦੀਪ ਜਗਾ ਮੈਂ ਛੇਤੀ ਆਵਾਂਗਾ।

ਖ਼ਵਰੇ ਕੋਈ ਕਾਗ ਬਨੇਰੇ ਆ ਬੈਠੇ,
ਛੱਤ 'ਤੇ ਚੂਰੀ ਪਾ ਮੈਂ ਛੇਤੀ ਆਵਾਂਗਾ।

ਪਰਦੇਸਾਂ ਵਿੱਚ ਰਹਿ ਕੇ "ਜ਼ਫ਼ਰੀ" ਲਿਖੇ ਜੋ,
ਗੀਤ ਮਿਲ਼ਨ ਦੇ ਗਾ ਮੈਂ ਛੇਤੀ ਆਵਾਂਗਾ।

## 12

ਨੱਕੋ ਨੱਕ ਤੂੰ ਕੀਤਾ ਸੀ ਮੈਂ ਭੁੱਲਿਆ ਨਈਂ,
ਹਿੰਮਤ ਮੇਰੀ ਵੇਖ ਮੈਂ ਫਿਰ ਵੀ ਡੁੱਲ੍ਹਿਆ ਨਈਂ।

ਜਿਸ ਬੂਹੇ ਤੋਂ ਪਾਰ ਉਡੀਕੇ ਰਾਹ ਮੈਨੂੰ,
ਮੈਥੋਂ ਅੱਜ ਤੱਕ ਓਹੋ ਜੰਦਰਾ ਖੁੱਲ੍ਹਿਆ ਨਈਂ।

ਗਲ਼ ਵਿੱਚ ਕਫ਼ਨੀ ਪਾਈ ਕੰਨ ਪੜਵਾਏ ਨੇ,
ਮਨ ਮਰਜ਼ੀ ਦਾ ਜੋਗੀ ਆਂ ਮੈਂ ਰੁਲਿਆ ਨਈਂ।

ਦਰਿਆ ਦੀ ਔਕਾਤ ਨਈਂ ਮੈਨੂੰ ਡੋਬ ਲਵੇ,
ਗੱਲ ਬਸ ਏਨੀ ਏ ਮੈਂ ਹਾਲੇ ਫੁੱਲਿਆ ਨਈਂ।

ਏਹੋ ਤੈਅ ਹੋਇਆ ਸੀ ਅੱਜ ਈ ਮਰਨਾ ਏ,
ਮੈਂ ਰੱਜ ਪੀਤਾ ਜ਼ਹਿਰ ਤੇਰੇ ਤੋਂ ਘੁਲ਼ਿਆ ਨਈਂ।

ਮੰਨਿਆ ਮੇਰਾ ਇਸ਼ਕ ਜ਼ੁਲੈਖਾ ਵਰਗਾ ਨਈਂ,
ਪਰ ਤੂੰ ਵੀ ਤਾਂ ਅੱਟੀ ਦੇ ਮੁੱਲ ਤੁੱਲਿਆ ਨਈਂ।

'ਰਾਈਂ ਖ਼ਾਤਰ ਨੱਚਾਂ ਹੋ ਕੇ ਅਲਵੀ ਮੈਂ,
ਬੁੱਲ੍ਹੇ ਵਰਗਾ 'ਨ੍ਹੇਰ "ਜ਼ਫ਼ਰ" 'ਤੇ ਝੁੱਲਿਆ ਨਈਂ।



## 13

ਝੂਠ ਗ਼ਲੂ ਦੇ 'ਨ੍ਹੇਰੇ ਕੱਢ ਦੇ ਸ਼ਿਅਰਾਂ 'ਚੋਂ,
ਹੂਰਾਂ ਵਰਗੇ ਚਿਹਰੇ ਕੱਢ ਦੇ ਸ਼ਿਅਰਾਂ 'ਚੋਂ।

ਜੇ ਤੂੰ ਕੰਨ ਪੜਵਾਏ ਹੁੰਦੇ ਦਿਸ ਪੈਂਦਾ,
ਨਕਲੀ ਜੋਗ ਦੇ ਫੇਰੇ ਕੱਢ ਦੇ ਸ਼ਿਅਰਾਂ 'ਚੋਂ।

ਭੁੱਖਾਂ ਪੀੜਾਂ ਚੀਕਾਂ ਬਾਰੇ ਲਿਖ ਝੱਲਿਆ,
ਜ਼ੁਲਫ਼ਾਂ ਨਾਗ ਸਪੇਰੇ ਕੱਢ ਦੇ ਸ਼ਿਅਰਾਂ 'ਚੋਂ।

ਅੱਖਰਾਂ ਰਾਹੀਂ ਅਕਲਾਂ ਦੇ ਦਰ ਖੋਲ੍ਹੀ ਜਾ,
ਬਾਹਵਾਂ ਵਾਲ਼ੇ ਘੇਰੇ ਕੱਢ ਦੇ ਸ਼ਿਅਰਾਂ 'ਚੋਂ।

ਇਹੋ ਲੋੜ ਸਮੇਂ ਦੀ ਆਸ 'ਤੇ ਬੂਟੇ ਲਾ,
ਮਾਯੂਸੀ ਦੇ ਡੇਰੇ ਕੱਢ ਦੇ ਸ਼ਿਅਰਾਂ 'ਚੋਂ।

ਸਾਂਝੇ ਦੁੱਖ-ਸੁੱਖ ਸਾਂਝੇ ਸੁਫ਼ਨੇ ਹੋਵਣ ਦੇ,
ਕੀ ਤੇਰੇ ਕੀ ਮੇਰੇ ਕੱਢ ਦੇ ਸ਼ਿਅਰਾਂ 'ਚੋਂ।

ਉਹਨਾਂ ਬਾਰੇ ਲਿਖ ਜੋ ਖਾ ਗਏ ਵਤਨਾਂ ਨੂੰ,
"ਜ਼ਫ਼ਰੀ" ਨੈਣ ਲੁਟੇਰੇ ਕੱਢ ਦੇ ਸ਼ਿਅਰਾਂ 'ਚੋਂ।

## 14

ਮੈਂ ਧਰਤੀ ਦੀ ਤਹਿ ਨੂੰ ਤੋਲ ਕੇ ਬੈਠਾ ਵਾਂ,
ਦਰਿਆ ਦੇ ਵਿੱਚ ਮਿਸ਼ਰੀ ਘੋਲ਼ ਕੇ ਬੈਠਾ ਵਾਂ।

ਅੱਜ-ਕੱਲ੍ਹ ਮੇਰੇ ਚਾਰ-ਚੁਫ਼ੇਰੇ ਖ਼ੁਸ਼ਬੂ ਏ,
ਮੈਂ ਫੁੱਲਾਂ ਦੇ ਸੀਨੇ ਖੋਲ੍ਹ ਕੇ ਬੈਠਾ ਵਾਂ।

ਅੱਖਾਂ ਦੇ ਮੁੱਢ ਬੈਠੀ ਕਾਲਖ ਦੱਸਦੀ ਏ,
ਮੈਂ ਖ਼ਾਬਾਂ ਲਈ ਨੀਂਦਰ ਰੋਲ਼ ਕੇ ਬੈਠਾ ਵਾਂ।

ਕੁਝ ਕੰਡੇ ਕੁਝ ਲਹੂ ਏ ਮੇਰੇ ਹੱਥਾਂ ਵਿੱਚ,
ਲੇਖਾਂ ਦੀ ਕੰਡਿਆਰੀ ਫੋਲ ਕੇ ਬੈਠਾ ਵਾਂ।

ਮੇਰੇ ਵੱਲ ਨਈਂ ਤੋਪਾਂ ਦਾ ਅੱਜ ਮੂੰਹ ਐਵੇਂ,
ਮੁਨਸਫ਼ ਮੂਹਰੇ ਸੱਚ ਨੂੰ ਬੋਲ ਕੇ ਬੈਠਾ ਵਾਂ।

ਤੇਰੀ ਚੁੰਨੀ ਵਰਗੇ ਤਾਰੇ ਲੱਭੇ ਨਈਂ,
ਅਪਣਾ ਕੁੱਲ ਜਹਾਨ ਫਰੋਲ ਕੇ ਬੈਠਾ ਵਾਂ।

ਜਦ ਤੱਕ ਦਮ ਵਿੱਚ ਦਮ ਸੀ ਪਲ ਵੀ ਰੁਕਿਆ ਨਈਂ,
ਸੱਚ ਆਖਾਂ ਤੇ ''ਜ਼ਫ਼ਰੀ'' ਡੋਲ ਕੇ ਬੈਠਾ ਵਾਂ।



## 15

ਸਿਖ਼ਰ ਦੁਪਹਿਰੇ 'ਨ੍ਹੇਰਾ ਹੋਇਆ ਅੱਲਾ ਖ਼ੈਰ ਕਰੇ,
ਖਵਰੇ ਸੂਰਜ ਕਿੱਥੇ ਮੋਇਆ ਅੱਲਾ ਖ਼ੈਰ ਕਰੇ।

ਏਥੋਂ ਬੁੱਝ ਲੈ ਹਾਲਤ ਹੋਣੀ ਕੀ ਮਜ਼ਲੂਮਾਂ ਦੀ,
ਹਿੰਮਤ ਦੇਵਣ ਵਾਲਾ ਰੋਇਆ ਅੱਲਾ ਖ਼ੈਰ ਕਰੇ।

ਟੋਟੇ-ਟੋਟੇ ਪੁੱਤ ਦਾ ਜੁੱਸਾ ਬੁੱਢੀ ਮਾਈ ਨੇ,
ਮੌਲਾ ਜਾਣੇ ਕਿਸਰਾਂ ਢੋਇਆ ਅੱਲਾ ਖ਼ੈਰ ਕਰੇ।

ਲੱਗਦੈ ਉਹ ਨੇ ਫੇਰ ਕਿਸੇ ਨੂੰ ਮਾਰਨ ਜਾਣਾ ਏ,
ਖ਼ੰਜਰ ਕਾਤਲ ਨੇ ਨਹੀਂ ਧੋਇਆ ਅੱਲਾ ਖ਼ੈਰ ਕਰੇ।

ਪੁੱਤ ਕੰਮੀਆਂ ਦੇ ਵੇਖੀਂ ਇਕ ਦਿਨ ਪੱਗਾਂ ਬੰਨਣਗੇ,
ਰੀਝਾਂ ਆਸ ਦਾ ਹਾਰ ਪਰੋਇਆ ਅੱਲਾ ਖ਼ੈਰ ਕਰੇ।

ਹਾਲ ਜ਼ਮਾਨੇ ''ਜ਼ਫ਼ਰੀ'' ਕਰਬ ਦੀ ਵਾਹੀ ਬੀਜੀ ਨੇ,
ਆਦਮ ਵਿੱਚ ਪੰਜਾਲੀ ਜੋਇਆ ਅੱਲਾ ਖ਼ੈਰ ਕਰੇ।

(ਕਰਬ – ਤਕਲੀਫ਼)

## 16

ਢੋਲਣ ਮੇਰੇ ਅੱਖਰਾਂ ਅੰਦਰ,
ਜਿਸਰਾਂ ਪਾਣੀ ਬਰਫ਼ਾਂ ਅੰਦਰ।

ਚਾਕ ਘੁਮਾਈ ਜਾਵੇ ਸੋਹਣਾ,
ਚਿੱਤ ਨੂੰ ਪਾ ਕੇ ਚੱਕਰਾਂ ਅੰਦਰ।

ਤੇਰਾ ਮੇਰਾ ਮਿਲਣਾ ਔਖਾ,
ਤੂੰ ਫਸਿਆ ਏ ਫ਼ਰਕਾਂ ਅੰਦਰ।

ਹਾਸੇ ਵੰਡਣ ਵਾਲੇ ਅਕਸਰ,
ਪਾਲ਼ੀ ਫਿਰਦੇ ਮਰਜ਼ਾਂ ਅੰਦਰ।

ਮਾਂ ਬੋਲੀ ਬਾਰੇ ਜਦ ਲਿਖਿਆ,
ਅੱਖਰ ਚੀਕੇ ਲਫ਼ਜ਼ਾਂ ਅੰਦਰ।

ਅੱਖਾਂ ਫੇਰ ਕੇ ਮਿਲਿਆ ਮਾਹੀ,
ਹਿਜਰ ਮੈਂ ਡਿੱਠਾ ਵਸਲਾਂ ਅੰਦਰ।

ਆਸ ਦੀ ਡੋਰੀ ਟੁੱਟੀ "ਜ਼ਫ਼ਰੀ",
ਰੀਝਾਂ ਮੋਈਆਂ ਸੱਧਰਾਂ ਅੰਦਰ।



## 17

ਬਾਬਲ ਰੋਇਆ ਜੰਮ ਕੇ ਮੈਨੂੰ ਮਾਂ ਕੁਰਲਾਈ,
ਲੇਖਾਂ ਪਿੱਟੀ ਮੈਂ ਦੁਨੀਆ 'ਤੇ ਕਾਹਨੂੰ ਆਈ।

ਵੀਰ ਨੂੰ ਪੂਰੀ ਮੈਨੂੰ ਅੱਧ-ਪਚੱਧੀ ਲੱਭੀ,
ਮੇਰੀ ਰੋਟੀ ਪਾਰੋਂ ਥੁੜ੍ਹ ਗਈ ਢੇਰ ਕਮਾਈ।

ਸਹੁਰੇ ਘਰ ਨਾ ਪੇਕੇ ਮੇਰਾ ਠੋਰ ਠਿਕਾਣਾ,
ਖ਼ੌਫ਼ ਨਗਰ ਵਿੱਚ ਵੱਸਾਂ ਪੀੜਾਂ ਦੀ ਮੈਂ ਜਾਈ।

ਆਦਮਜ਼ਾਦੇ ਮੈਨੂੰ ਪੈਰ ਦੀ ਜੁੱਤੀ ਸਮਝਣ,
ਰੋਲਣ ਐਵੇਂ ਜਿਸਰਾਂ ਹੋਵੇ ਪੈਰੀਂ ਪਾਈ।

ਉਹਨਾਂ ਭੈੜੇ ਅੱਖਰਾਂ ਨੂੰ ਰੱਬ ਦੋਜ਼ਖ਼ ਪਾਏ,
ਤਿੰਨ ਵਾਰੀ ਆਖਣ 'ਤੇ ਉੱਜੜੇ ਕੁੱਲ ਖ਼ੁਦਾਈ।

ਰਹਿਮਤ ਮੈਨੂੰ ਕਹਿ ਕੇ ਰੱਬ ਨੇ ਜੱਗ 'ਤੇ ਘੱਲਿਆ,
ਨਾਲ਼ੇ ਮੇਰੇ ਪੈਰਾਂ ਥੱਲੇ ਬਿਸ਼ਤ ਵਿਛਾਈ।

"ਜ਼ਫ਼ਰੀ" ਰੱਖ ਕੁਰਲਾਟ ਮਿਰੀ ਤੂੰ ਸ਼ਿਅਰਾਂ ਅੰਦਰ,
ਖ਼ਵਰੇ ਦੁਨੀਆ ਸੁਣ ਲਏ ਤੇਰੀ ਹਾਲ ਦੁਹਾਈ।

(ਬਿਸ਼ਤ – ਸਵਰਗ)

## 18

ਛੱਤਣ ਲੱਗਿਆ ਪੱਕੇ ਕੋਠੇ,
ਢਾਹਣੇ ਪੈਂਦੇ ਕੱਚੇ ਕੋਠੇ।

ਖ਼ੁਦਗਰਜ਼ਾਂ ਦੀ ਰਹਿਤਲ ਅੰਦਰ,
ਨਿੱਕੀਆਂ ਗਲ਼ੀਆਂ ਵੱਡੇ ਕੋਠੇ।

ਪੈਲ਼ੀ ਵਿੱਚ ਪਨੀਰੀ ਦੀ ਥਾਂ,
ਜ਼ਿਮੀਦਾਰਾਂ ਗੱਡੇ ਕੋਠੇ।

ਵਿਹੜੇ ਦੇ ਵਿੱਚ ਕੰਧਾਂ ਪਾਵਣ,
ਭਾਈਆਂ ਦੇ ਵਿੱਚ ਫੱਡੇ ਕੋਠੇ।

ਨੀਂਦਰ ਕੋਲ਼ੋਂ ਇੱਟਾਂ ਖੋਹ ਕੇ,
ਜਗਰਾਤੇ ਨੇ ਛੱਤੇ ਕੋਠੇ।

ਬਸ ਇੱਕ ਪਲ ਲਈ ਧਰਤੀ ਕੰਬੀ,
ਇਨਸਾਨਾਂ ਵਿੱਚ ਵੱਜੇ ਕੋਠੇ।

ਪੱਖੀਵਾਸਾਂ ਦੇ ਲੜ ਲੱਗ ਕੇ,
"ਜ਼ਫ਼ਰੀ" ਪਿੱਛੇ ਛੱਡੇ ਕੋਠੇ।



## 19

ਪਰਦੇਸਾਂ ਵਿੱਚ ਖੱਜਲ ਹੋਇਆ ਖ਼ਾਕ ਜਵਾਨੀ ਕਰਕੇ,
ਹਿਜਰ ਵਿਛੋੜੇ ਦਰਦ ਕਮਾਏ ਨਕਲ-ਮਕਾਨੀ ਕਰਕੇ।

ਕੰਨ ਪੜਵਾਏ ਪੱਟ ਵੀ ਚੀਰੇ ਟੁੱਟੇ ਤੀਰ ਚਲਾਏ,
ਕੀ ਦੱਸਾਂ ਕੀ-ਕੀ ਨਈਂ ਕੀਤਾ ਇੱਕ ਮਰਜਾਣੀ ਕਰਕੇ।

ਕਿੱਸੇ ਅੰਦਰ ਚੁੱਪ ਸੀ ਵੱਟੀ ਸ਼ਾਇਦ ਕੁਝ ਕਿਰਦਾਰਾਂ,
ਲੇਖਕ ਬੈਠਾ ਸੋਚ ਰਿਹਾ ਸੀ ਖ਼ਤਮ ਕਹਾਣੀ ਕਰਕੇ।

ਸੁੱਕ ਚੱਲਿਆ ਮੈਂ ਮੁੱਕ ਚੱਲਿਆ ਮੈਂ ਪਰਬਤ ਹਾੜੇ ਪਾਏ,
ਦਰਿਆ ਕੋਲ਼ੋਂ ਚੱਲ ਨਾ ਹੋਇਆ ਫ਼ੇਰ ਰਵਾਨੀ ਕਰਕੇ।

ਕਮਲ਼ੇ ਉੱਤੇ ਰੱਬ ਸੋਹਣੇ ਦੀ ਰਹਿਮਤ ਖੁੱਲ੍ਹ ਕੇ ਵੱਸੀਂ,
ਵਿਹੜਾ ਸੁਰਗ ਬਣਾਇਆ ਮੇਰਾ ਅੱਜ ਧੀ ਰਾਣੀ ਕਰਕੇ।

ਹੁਕਮ ਖ਼ੁਦਾ ਦਾ ਹੋਇਆ ਮੈਨੂੰ ਕੁੰਨ ਨੇ ਅਬਦੀ ਕੀਤਾ,
ਰੂਹ ਦਵਾਮੀ ਕੀਤੀ ਉਹਨੇ ਜਿਸਮ ਨੂੰ ਫ਼ਾਨੀ ਕਰਕੇ।

ਉਹਨੇ "ਜ਼ਫ਼ਰੀ" ਤੈਨੂੰ ਤੇਰੀ ਮੰਜ਼ਲ 'ਤੇ ਲੈ ਜਾਣਾ,
ਮਿਸਰ ਦਾ ਤਖ਼ਤ ਸਜਾਇਆ ਜਿਹਨੇ ਇੱਕ ਕੰਨਆਨੀ ਕਰਕੇ।

(ਅਬਦੀ – ਅਮਰ, ਨਕਲ-ਮਕਾਨੀ – ਪਰਵਾਸ, ਦਆਮੀ – ਅਮਰ,
ਕੰਨਆਨੀ – ਪੈਗ਼ੰਬਰ ਯੂਸਫ਼ ਦੀ ਜਨਮ ਭੂਮੀ)

## 20

ਤੂੰ ਬੂਹੇ ’ਤੇ ਆਣਾ ਛੱਡਿਆ,
ਮੈਂ ਵੀ ਅਲਖ ਜਗਾਣਾ ਛੱਡਿਆ।

ਸ਼ਿਅਰ ਮੈਂ ਕਹਿਣੇ ਛੱਡ ਦੇਵਾਂਗਾ,
ਜੇ ਤੂੰ ਸੁਰਮਾ ਪਾਣਾ ਛੱਡਿਆ।

ਕਸਮੇ ਵਹਾਬੀ ਹੋ ਜਾਵਾਂਗਾ,
ਤੂੰ ਦਰਬਾਰ ਜੇ ਆਣਾ ਛੱਡਿਆ।

ਤੇਰੀ ਝਾਂਜਰ ਨੇ ਚੁੱਪ ਵੱਟੀ,
ਮੈਂ ਵੀ ਢੋਲ ਵਜਾਣਾ ਛੱਡਿਆ।

ਦੁਨੀਆ ਫਿੱਕੀ ਹੋ ਜਾਵੇਗੀ,
ਜੇ ਤੂੰ ਨੱਚਣਾ ਗਾਣਾ ਛੱਡਿਆ।

ਇਸ਼ਕ ਮੁਸ਼ਕ ਦਾ ਲੁਕਣਾ ਔਖਾ,
ਮੈਂ ਤੇ ਭੇਸ ਵਟਾਣਾ ਛੱਡਿਆ।

“ਜ਼ਫ਼ਰੀ” ਜਾ ਪਰਦੇਸੀਂ ਵੱਸਿਆ,
ਤੂੰ ਜਦ ਪਿੰਡ ਪੁਰਾਣਾ ਛੱਡਿਆ।

(ਵਹਾਬੀ – ਇਸਲਾਮੀ ਫ਼ਿਰਕਾ ਜੋ ਦਰਗਾਹਾਂ ’ਤੇ ਨਹੀਂ ਜਾਂਦਾ)



## 21

ਖ਼ੈਰਾਂ ਹੋਵਣ ਕਲਮ-ਕੱਲਾ ਬੈਠਾ ਏ,
ਸੋਚਣ ਵਾਲ਼ਾ ਹੋ ਕੇ ਝੱਲਾ ਬੈਠਾ ਏ।

ਬੇਲੇ ਦੇ ਵਿੱਚ ਰਾਂਝਾਂ ਬਾਰਾਂ ਸਾਲਾਂ ਤੋਂ,
ਮੁੱਠੀ ਦੇ ਵਿੱਚ ਲੈ ਕੇ ਛੱਲਾ ਬੈਠਾ ਏ।

ਜਿਸ ਨੇ ਕਬਰਿਸਤਾਨ ’ਤੇ ਕਬਜ਼ਾ ਕੀਤਾ ਏ,
ਅੱਜ ਵੀ ਉਹਦੇ ਨਾਲ਼ ਮੁਹੱਲਾ ਬੈਠਾ ਏ।

ਸੱਕਾ ਤਾਇਆ ਖੋਹ ਕੇ ਛੱਤ ਯਤੀਮਾਂ ਦੀ,
ਪੈਰਾਂ ਹੇਠੀਂ ਰੱਖ ਮੁਸੱਲਾ ਬੈਠਾ ਏ।

ਹੋਸ਼ ’ਚ ਆਓ ਅਗਲੀ ਵਾਰੀ ਤੁਹਾਡੀ ਏ,
ਜ਼ਾਲਮ ਜੱਥਾ ਮਾਰ ਕੇ ਹੱਲਾ ਬੈਠਾ ਏ।

ਮੇਰੇ ਸਾਹਾਂ ਵਿੱਚ ਮੁਹੰਮਦ ਅਰਬੀ ਏ,
ਮੇਰੇ ਲੂ-ਲੂ ਦੇ ਮੁੱਢ ਅੱਲ੍ਹਾ ਬੈਠਾ ਏ।

ਮੌਲਾ ਸਭ ਦੇ ਸਾਹਵੇਂ ਤੱਕੜੀ ਤੋਲੀਂ ਨਾ,
“ਜ਼ਫ਼ਰੀ” ਲੈ ਕੇ ਖ਼ਾਲੀ ਪੱਲਾ ਬੈਠਾ ਏ।

(ਸੱਕਾ – ਸਕਾ)

## 22

ਅਹਿ ਨਾ ਸਮਝੀਂ ਥੁੜ੍ਹ ਕੇ ਆਇਆਂ,
ਮੈਂ ਮੰਜ਼ਲ ਤੋਂ ਮੁੜ ਕੇ ਆਇਆਂ।

'ਕੱਲਾ ਖ਼ਤ ਨਈਂ ਘੱਲਿਆ ਤੈਨੂੰ,
ਅੱਖਰਾਂ ਨਾਲ਼ ਮੈਂ ਜੁੜ ਕੇ ਆਇਆਂ।

ਮੈਂ ਦਰਿਆ 'ਤੇ ਕਾਠੀ ਪਾਈ,
ਲੋਕਾਂ ਭਾਣੇ ਰੁੜ੍ਹ ਕੇ ਆਇਆਂ।

ਯਾਦ ਤਿਰੀ ਦੀ ਚੱਕੀ ਦੇ ਵਿੱਚ,
ਪਿਸਿਆ ਨਈਂ ਮੈਂ ਪੁੜ ਕੇ ਆਇਆਂ।

ਪਰੀਆਂ ਨੂੰ ਠੁਕਰਾ ਕੇ "ਜ਼ਫ਼ਰੀ",
ਮੈਂ ਯਾਰਾਂ ਲਈ ਮੁੜ ਕੇ ਆਇਆਂ।



## 23

ਕੰਧਾਂ ਕੋਠੇ ਰੋਵਣਗੇ ਮੈਂ ਰੋਣਾ ਨਈਂ,
ਮੈਨੂੰ ਮੈਂ ਵਿੱਚ ਲੱਭੇਗਾ ਮੈਂ ਹੋਣਾ ਨਈਂ।

ਸੁਣਿਆ ਵੀਰ ਬਲੋਚ ਦੇ ਕੇਚੋਂ ਤੁਰ ਪਏ ਨੇ,
ਨੀਂਦਰ ਪਾਇਆ ਘੇਰਾ ਪਰ ਮੈਂ ਸੌਣਾ ਨਈਂ।

ਲੂ ਲੂ ਦੇ ਮੁੱਢ ਅਲਖ ਜਗਾਇਆ ਵਸਲਾਂ ਨੇ,
ਹਿਜਰਾਂ ਨੂੰ ਮੈਂ ਤਸਬੀ ਵਿੱਚ ਪਰੋਣਾ ਨਈਂ।

ਜਿਸ ਦੀ ਖ਼ਾਤਰ ਉੱਚਾ ਕੀਤਾ ਬੂਹੇ ਨੂੰ,
ਓਸੇ ਡਾਚੀ ਵਿਹੜੇ ਆਣ ਖਲੋਣਾ ਨਈਂ।

ਪੂਰੇ ਚੰਨ ਦੇ ਵਾਂਗਰ ਚੜ੍ਹ ਕੇ ਆ ਸੱਜਣਾ,
ਮੈਨੂੰ ਹੋਰ ਗਵਾਰਾ ਅੱਧਾ ਪੌਣਾ ਨਈਂ।

ਪੱਗ ਤੇਰੀ ਦਾ ਪਾਇਆ ਗਲ਼ ਦੁਪੱਟਾ ਮੈਂ,
ਲਮਸ ਤਿਰਾ ਨਾ ਮੁੱਕੇ "ਜ਼ਫ਼ਰੀ" ਧੋਣਾ ਨਈਂ।

(ਲਮਸ - ਛੋਹ ਦਾ ਅਹਿਸਾਸ)

# 24

ਸ਼ਾਲਾ ਹੋਣ ਅਤਾ ਕੁਝ ਮਿਸਰੇ,
ਜਿਹੜੇ ਹੋਣ ਜੁਦਾ ਕੁਝ ਮਿਸਰੇ।

ਵਾਂਗ ਫ਼ਕੀਰਾਂ ਅਲਖ ਜਗਾਵਾਂ,
ਕਾਸੇ ਦੇ ਵਿੱਚ ਪਾ ਕੁਝ ਮਿਸਰੇ।

ਲਿਖਣਾ ਚਾਹਿਆ ਲਿਖ ਨਾ ਸਕਿਆ,
ਘੱਲੇ ਫੇਰ ਖ਼ੁਦਾ ਕੁਝ ਮਿਸਰੇ।

ਕੁਝ ਹੁੰਦੇ ਨੇ ਮਾਵਾਂ ਵਰਗੇ,
ਰੋ-ਰੋ ਦੇਣ ਦੁਆ ਕੁਝ ਮਿਸਰੇ।

ਮੈਂ ਵੀ ਸ਼ਾਇਰ ਮੰਨਿਆ ਜਾਂਦਾ,
ਜੇ ਤੂੰ ਦੇਂਦਾ ਗਾ ਕੁਝ ਮਿਸਰੇ।

ਚੁੱਪ ਚੁਪੀਤੇ ਗ਼ਜ਼ਲਾਂ ਅੰਦਰ,
ਅੱਗਾਂ ਦੇਵਣ ਲਾ ਕੁਝ ਮਿਸਰੇ।

ਲਿਖਦਾ ਨਾ ਤੇ ਰਲ਼ ਕੇ ਮੈਨੂੰ,
"ਜ਼ਫ਼ਰੀ" ਜਾਂਦੇ ਖਾ ਕੁਝ ਮਿਸਰੇ।



# 25

ਪਿਛਲੀ ਉਮਰ ਜਨਾਜ਼ਾ ਚੁੱਕਿਆ ਮੋਢੇ ਉੱਤੇ ਫ਼ਰਜ਼ਾਂ ਦਾ,
ਦੱਸੋ ਕਬਰੇ ਪਾਵਾਂ ਕਿਸਰਾਂ ਢੇਰ ਮੈਂ ਜਿਉਂਦੀਆਂ ਸੱਧਰਾਂ ਦਾ।

ਜਿਹਨੇ ਸਾਉਣ ਮਹੀਨੇ ਅੰਦਰ ਧੁੱਪ ਸੂਰਜ ਤੋਂ ਮੰਗੀ ਏ,
ਉਹ ਪੁੱਤਰ ਘੁਮਿਆਰਾਂ ਦਾ ਏ ਜਾਂ ਸੌਦਾਗਰ ਬਰਫ਼ਾਂ ਦਾ।

ਤਾਜ਼ੀਮਾਂ ਦੇ ਖੇਤਾਂ ਅੰਦਰ ਉੱਗ ਪਏ ਘਾਹ ਬਦਕਾਰੀ ਦੇ,
ਸ਼ਰਮਾਂ ਦੇ ਖੂਹ ਸੁੱਕ ਗਏ ਬੀਬਾ ਸੋਕਾ ਪੈ ਗਿਆ ਕਦਰਾਂ ਦਾ।

ਕੁਤਬਾਂ ਗੌਂਸ ਅਬਦਾਲਾਂ ਕੋਲ਼ੋਂ ਭੇਤ ਮੈਂ ਇਹੋ ਪਾਇਆ ਏ,
ਤਾਰੇ ਥੱਲੇ ਰਹਿ ਜਾਂਦੇ ਨੇ ਪੰਧ ਨਈਂ ਮੁੱਕਦਾ ਫ਼ੱਕਰਾਂ ਦਾ।

ਪਹਿਲੇ ਦਰਦ ਮਿਰੇ ਨੂੰ ਵੇਖੀਂ ਬਾਅਦੋਂ ਵੇਖੀਂ ਬਹਿਰਾਂ ਨੂੰ,
ਜੇ ਅੱਖੀਆਂ 'ਚੋਂ ਅੱਥਰੂ ਢਹਿ ਪਏ ਭਾਰ ਨਾ ਤੋਲੀ ਅੱਖਰਾਂ ਦਾ।

ਤੈਥੋਂ ਪਹਿਲਾਂ ਸੀਨੇ ਅੰਦਰ ਆਸ ਦੇ ਦੀਵੇ ਜਗਦੇ ਸੀ,
ਤੇਰੀ ਖ਼ਾਤਰ ਘਾਰ ਬਣਾਇਆ ਦਿਲ ਚੰਦਰੇ ਨੂੰ ਮਰਜ਼ਾਂ ਦਾ।

ਮੈਂ ਵੇਲੇ ਦੇ ਮੁਰਸ਼ਦ ਕੋਲ਼ੋਂ ਬੱਸ ਇਹੋ ਗੱਲ ਸਿੱਖੀ ਏ,
ਹਾਸੇ ਹੋਣ ਜਾਂ ਰੋਣੇ "ਜ਼ਫ਼ਰੀ" ਬੰਦਾ ਬੇਲੀ ਗ਼ਰਜ਼ਾਂ ਦਾ।

(ਕੁਤਬਾਂ, ਗੌਂਸ, ਅਬਦਾਲਾਂ - ਪੀਰਾਂ ਫ਼ਕੀਰਾਂ ਦੇ ਸਿਲਸਿਲੇ, ਘਾਰ - ਘਰ)

## 26

ਮੂੰਹ ਤੇਰੇ ਤੇ ਸੱਚ ਕਹਿਣਾ ਏ ਸੁਣ ਲੈ ਸ਼ਾਹਾ,
ਗਲਮਾ ਤੇਰਾ ਫੜ ਲੈਣਾ ਏ ਸੁਣ ਲੈ ਸ਼ਾਹਾ।

ਇਨਸਾਫ਼ਾਂ ਦੇ ਪਲੜੇ ਦੇ ਵਿੱਚ ਤੁਲਣਾ ਪੈਣਾ,
ਕਰਦਾ ਸੈਂ ਜੋ ਹੁਣ ਸਹਿਣਾ ਏ ਸੁਣ ਲੈ ਸ਼ਾਹਾ।

ਤੇਰੀ ਖ਼ਾਤਰ ਹੋਰ ਕਿਸੇ ਨਹੀਂ ਫਾਹੇ ਲੱਗਣਾ,
ਤੇਰਾ ਤੇਰੇ ਗਲ਼ ਪੈਣਾ ਏ ਸੁਣ ਲੈ ਸ਼ਾਹਾ।

ਵੇਖੀਂ ਇੱਕ ਦਿਨ ਝੁੱਗੀਆਂ ਵਾਲ਼ੇ ਰਾਜ ਕਰਨਗੇ,
ਜਬਰ ਦੇ ਮਹਿਲਾਂ ਨੇ ਢਹਿਣਾ ਏ ਸੁਣ ਲੈ ਸ਼ਾਹਾ।

ਸੱਚ ਦੇ ਚਾਨਣ ਧਰਤੀ ਅੰਬਰ ਰੋਸ਼ਨ ਕਰਨਾ,
ਝੂਠ ਦਾ 'ਨ੍ਹੇਰਾ ਨਹੀਂ ਰਹਿਣਾ ਏ ਸੁਣ ਲੈ ਸ਼ਾਹਾ।

ਨਾ ਫਿਰ ਵਿੱਚ ਗ਼ਰੂਰ ਤਕੱਬਰ ਰੁਲ਼ ਜਾਵੇਗਾ,
ਏਸੇ ਤੈਨੂੰ ਲੈ ਬਹਿਣਾ ਏ ਸੁਣ ਲੈ ਸ਼ਾਹਾ।

ਦਿਲ ਦੇ ਤਖਤ ਬਿਠਾਣਾ ਯਾਰ "ਜ਼ਫ਼ਰ" ਦੇ ਵਰਗਾ,
ਮਾਂ ਬੋਲੀ ਦਾ ਜੋ ਗਹਿਣਾ ਏ ਸੁਣ ਲੈ ਸ਼ਾਹਾ।

(ਤਕੱਬਰ – ਹੰਕਾਰ)



## 27

ਮਨ ਮੰਦਰ ਵਿੱਚ ਸ਼ੈਤਾਨ ਨਾ ਰੱਖ,
ਆਟੇ ਦੀ ਥਾਂ 'ਤੇ ਛਾਣ ਨਾ ਰੱਖ।

ਤੂੰ ਸੱਚ ਵਿੱਚ ਝੂਠ ਮਿਲਾਇਆ ਏ,
ਹੁਣ ਸਿਰ ਉੱਤੇ ਕੁਰਆਨ ਨਾ ਰੱਖ।

ਕੁਝ ਚੱਜ ਦੇ ਸ਼ਿਅਰ ਸੁਣਾ ਮੈਨੂੰ,
ਮੇਰੇ ਅੱਗੇ ਦੀਵਾਨ ਨਾ ਰੱਖ।

ਅਪਣੇ ਅੰਦਰ ਵੀ ਝਾਤੀ ਪਾ,
ਲੋਕਾਂ ਉੱਤੇ ਬਹੁਤਾਨ ਨਾ ਰੱਖ।

ਮੈਂ ਮਨ ਮਰਜ਼ੀ ਦਾ ਮਾਲਕ ਹਾਂ,
ਮੇਰੇ ਅੱਗੇ ਫ਼ਰਮਾਨ ਨਾ ਰੱਖ।

ਜੋ ਅੱਖ ਨੂੰ ਨੀਵਾਂ ਰੱਖੇ ਨਾ,
ਘਰ ਅੰਦਰ ਉਹ ਮਹਿਮਾਨ ਨਾ ਰੱਖ।

ਛੱਡ ਬੂਹਾ ਵਿਹੜੇ ਆ ਬੈਠੇ,
"ਜ਼ਫ਼ਰੀ" ਐਸਾ ਦਰਬਾਨ ਨਾ ਰੱਖ।

(ਬਹੁਤਾਨ – ਇਲਜ਼ਾਮ)

## 28

ਤੇਰੀ ਖ਼ਾਤਰ ਦਰਿਆ ਨਾਲ਼ ਜੇ ਭਿੜਿਆ ਨਈਂ,
ਵਸਲ ਤਿਰੇ ਦਾ ਨਲਕਾ ਵੀ ਤੇ ਗਿੜਿਆ ਨਈਂ।

ਜਿਸ ਦੇ ਮੂਹਰੇ ਬਹਿ ਤੂੰ ਵਾਲ਼ ਸੰਵਾਰੇ ਨੇ,
ਅੱਲਾ ਜਾਣੇ ਸ਼ੀਸ਼ਾ ਕਿਸਰਾਂ ਤਿੜਿਆ ਨਈਂ।

ਦਿਲ ਕਰਦਾ ਏ ਪੱਤੀ-ਪੱਤੀ ਹੋ ਜਾਵਾਂ,
ਵੇਖ ਕੇ ਮੈਨੂੰ ਮੁਖੜਾ ਤੇਰਾ ਖਿੜਿਆ ਨਈਂ।

ਅੱਜ ਵੀ ਮੈਨੂੰ ਤੇਰਾ ਕਹਿ ਸਭ ਹੱਸੇ ਨੇ,
ਖ਼ਵਰੇ ਅੱਜ ਕਿਉਂ ਇਸ ਗੱਲ 'ਤੇ ਮੈਂ ਚਿੜਿਆ ਨਈਂ।

ਇਸ਼ਕ ਦੇ ਖੂਹ ਵਿੱਚ ਤਨ ਮਨ ਜ਼ਖ਼ਮੀ ਕੀਤਾ ਏ,
ਛਾਲ ਮੈਂ ਆਪੇ ਮਾਰੀ ਏ ਮੈਂ ਗਿੜਿਆ ਨਈਂ।

ਮੈਂ ਦੁਸ਼ਮਣ ਦਾ ਜੁੱਸਾ ਪੋਲਾ ਕਰ ਦਿੰਦਾ,
"ਜ਼ਫ਼ਰੀ" ਭੋਰਾਂ ਵਾਂਗ ਅਜੇ ਮੈਂ ਛਿੜਿਆ ਨਈਂ।

(ਤੁਖ਼ਮ – ਬੀਜ)



## 29

ਸ਼ਾਮੋ-ਸ਼ਾਮੀ ਡੁੱਬੇ ਤਾਰੇ,
ਰਾਤ ਨੇ ਜੁਗਨੂੰ ਫੜ-ਫੜ ਮਾਰੇ।

ਦਿਲ ਦਾ ਨਾਗਾ ਪਰਬਤ ਰੋਇਆ,
ਅੱਖ ਦੇ ਚਸ਼ਮੇ ਹੋ ਗਏ ਖਾਰੇ।

ਸੱਧਰਾਂ ਦੀ ਜ਼ਿਮੀਂ ਨੂੰ ਵਾਹ ਕੇ,
ਖ਼ਾਬਾਂ ਦੇ ਮੈਂ ਤੁਖ਼ਮ ਖਿਲਾਰੇ।

ਤੀਲੇ ਚੁਣ ਕੇ ਪੰਡ ਜਦ ਬੰਨ੍ਹੀ,
ਵੱਟਿਆਂ ਤੋਂ ਕੱਖ ਹੋ ਗਏ ਭਾਰੇ।

ਕਸਰਤ ਤੋਂ ਬਿਨ ਜਿੱਤਣਾ ਔਖਾ,
ਹੋਵਣ ਭਾਵੇਂ ਗਾਮੇ ਝਾਰੇ।

ਜਿੰਨ੍ਹਾ ਲਈ ਤਲਵਾਰ ਮੈਂ ਚੁੱਕੀ,
ਨਿੱਕਲ਼ੇ ਕੂੜ ਮੁਨਾਫ਼ਕ ਸਾਰੇ।

ਛੱਤ ਦਾ ਬਚਣਾ ਔਖਾ "ਜ਼ਫ਼ਰੀ",
ਖਾਂਦੀ ਪਈ ਏ ਕੰਧ ਹੁਲਾਰੇ।

## 30

ਗੱਲ ਗੱਲ ਤੇ ਡਰਨਾ ਠੀਕ ਨਹੀਂ,
ਹਰ ਵਾਰੀ ਜਰਨਾ ਠੀਕ ਨਹੀਂ।

ਜੇ ਮਰਿਆ ਨਈਂ ਤੇ ਜੀਅ ਝੱਲਿਆ,
ਮਰ-ਮਰ ਕੇ ਮਰਨਾ ਠੀਕ ਨਹੀਂ।

ਤੀਰਾਂ ਨੇ ਸ਼ੋਰ ਮਚਾਇਆ ਏ,
ਜ਼ਖ਼ਮਾਂ ਦਾ ਭਰਨਾ ਠੀਕ ਨਹੀਂ।

ਮੌਜਾਂ ਦਰਿਆ ਨੂੰ ਦੱਸਿਆ ਏ,
ਤੀਲੇ ਦਾ ਤਰਨਾ ਠੀਕ ਨਹੀਂ।

ਨੀਅਤ ਜੇ ਸਾਫ਼ ਨਾ ਹੋਵੇ ਤੇ,
ਰੱਬ-ਰੱਬ ਵੀ ਕਰਨਾ ਠੀਕ ਨਹੀਂ।

ਅੱਜ ਖੂਹ ਵਿੱਚ ਪਾਣੀ ਥੋੜ੍ਹਾ ਏ,
ਅੱਜ ਮਸ਼ਕਾਂ ਭਰਨਾ ਠੀਕ ਨਹੀਂ।

ਤੂੰ ਜੰਗ ਨੂੰ ਖੇਡ ਬਣਾਇਆ ਏ,
ਤੇਰੇ ਤੋਂ ਹਰਨਾ ਠੀਕ ਨਹੀਂ।

ਉੱਜੜੇ ਰਸਤੇ ਤੋਂ ਯਾਰ "ਜ਼ਫ਼ਰ",
ਹਰ ਵਾਰ ਗੁਜ਼ਰਨਾ ਠੀਕ ਨਹੀਂ।



## 31

ਅੱਖਾਂ ਭੁੱਖੀਆਂ ਰੱਜੇ ਅੱਥਰੂ,
ਬਿਰਹੋਂ ਦੇ ਘਰ ਪੱਕੇ ਅੱਥਰੂ।

ਪੂਰੀ ਦੀਦ ਨਸੀਬ ਨਾ ਹੋਈ,
ਹੋ ਗਏ ਅੱਖ ਤੋਂ ਅੱਗੇ ਅੱਥਰੂ।

ਤੂੰ ਜਿਸ ਰੰਗ ਦਾ ਲਹਿੰਗਾ ਪਾਇਆ,
ਓਸੇ ਰੰਗ ਦੇ ਵੱਗੇ ਅੱਥਰੂ।

ਯਾਦਾਂ ਦੀ ਤੰਦ ਚਰਖੇ ਪਾ ਕੇ,
ਹਿਜਰ ਤਿਰੇ ਨੇ ਕੱਤੇ ਅੱਥਰੂ।

ਥੋੜ੍ਹੀ ਪੀੜ ਪਕਾ ਲੈ ਪਹਿਲਾਂ,
ਕੇਰ ਨਾ ਐਂਵੇ ਕੱਚੇ ਅੱਥਰੂ।

ਸ਼ੀਸ਼ੇ ਵਾਂਙੂੰ ਟੁੱਟਿਆ ਪਾਣੀ,
ਪੱਥਰ ਦਿਲ 'ਤੇ ਵੱਜੇ ਅੱਥਰੂ।

ਰੱਬ ਵੀ ਰਾਜ਼ੀ ਹੋ ਜਾਂਦਾ ਏ,
"ਜ਼ਫ਼ਰੀ" ਹੋਣ ਜੇ ਸੱਚੇ ਅੱਥਰੂ।

## 32

ਹਾਵਾਂ ਵਿੱਚ ਪਰੋ ਕੇ ਲਿਖਿਆ,
ਇੱਕ-ਇੱਕ ਅੱਖਰ ਧੋ ਕੇ ਲਿਖਿਆ।

ਇਕਲਾਪੇ ਦੇ ਅਫ਼ਸਾਨੇ ਨੂੰ,
ਸ਼ੀਸ਼ੇ ਕੋਲ਼ੋਂ ਖੋਹ ਕੇ ਲਿਖਿਆ।

ਜਾਗ ਕੇ ਲਿਖਦਾ ਟੰਗਿਆ ਜਾਂਦਾ,
ਜੋ ਮੈਂ ਰਾਤੀਂ ਸੋ ਕੇ ਲਿਖਿਆ।

ਜੱਗ ਨੂੰ ਗੀਤ ਖ਼ੁਸ਼ੀ ਦਾ ਜਾਪੇ,
ਮੈਂ ਜਿਹੜਾ ਰੋ-ਰੋ ਕੇ ਲਿਖਿਆ।

ਮਾਂ ਦੀ ਸ਼ਾਨ 'ਚ ਨਜ਼ਮ ਮੈਂ ਲਿਖੀ,
ਹਰ ਇਕ ਲਫ਼ਜ਼ ਖਲੋ ਕੇ ਲਿਖਿਆ।

ਮੇਰੇ ਲਈ ਪੈਗ਼ਾਮ ਖ਼ੁਦਾ ਨੇ,
"ਜ਼ਫ਼ਰੀ" ਮੇਰਾ ਹੋ ਕੇ ਲਿਖਿਆ।



## 33

ਨੇਕੀ ਕਰ ਦਰਿਆ ਨਈਂ ਪਾਣੀ,
ਆਪਾਂ ਚੌਂਕ 'ਚ ਫੋਟੋ ਲਾਣੀ।

ਖੋਟੇ ਖਰਿਆਂ ਦੇ ਭਾਅ ਵਿਕਣੇ,
ਰੱਬ ਦੀ ਝੂਠੀ ਸਹੁੰ ਜਦ ਖਾਣੀ।

ਮਾੜੇ ਦੀ ਮੈਂ ਪੈਲ਼ੀ ਖੋਹ ਕੇ,
ਪਿੰਡ ਵਿੱਚ ਹੋਰ ਮਸੀਤ ਬਣਾਣੀ।

ਇਨਸਾਨਾਂ ਨੂੰ ਮੂੰਹ ਨਈਂ ਲਾਣਾ,
ਸੱਪਾਂ ਅੱਗੇ ਬੀਨ ਵਜਾਣੀ।

ਫੱਡੇਬਾਜ਼ ਨੇ ਫੱਡੇ ਪਾਣੇ,
ਹੋਵੇ ਭਾਵੇਂ ਮਰਗ ਮਕਾਣੀ।

ਫ਼ਰਜ਼ ਨਮਾਜ਼ ਅਦਾ ਨਈਂ ਕਰਨੀਂ,
ਮਹਿਫ਼ਲ ਹਫ਼ਤਾਵਾਰ ਸਜਾਣੀ।

ਕੀਤੀ ਬਾਰੇ ਪੁਛ ਨਾ "ਜ਼ਫ਼ਰੀ",
ਵੇਖੀ ਜਾ ਬਸ ਆਣੀ ਜਾਣੀ।

## 34

ਕਿਹੜਾ ਦਰ ਖੜ੍ਹਕਾਵਾਂ ਮੌਲਾ,
ਰੁੱਸੀਆਂ ਮੈਥੋਂ ਰਾਹਵਾਂ ਮੌਲਾ।

ਧੜਕਣ ਦਿਲ ਨੂੰ ਖਾਈ ਜਾਵੇ,
ਘੁੱਟਿਆ ਏ ਦਮ ਸਾਹਵਾਂ ਮੌਲਾ।

ਵੀਰਾਂ ਨੇ ਮੁੱਖ ਮੋੜ ਲਿਆ ਏ,
ਟੁੱਟੀਆਂ ਨੇ ਜਦ ਬਾਹਵਾਂ ਮੌਲਾ।

ਸੱਤਰ ਮਾਵਾਂ ਵਰਗਾ ਹੋ ਕੇ,
ਕਾਹਨੂੰ ਮਾਰੇ ਮਾਵਾਂ ਮੌਲਾ।

ਤੂੰ ਮੈਨੂੰ ਸ਼ਾਹ ਰਗ ਤੋਂ ਨੇੜੇ,
ਮੈਂ ਕਿਉਂ ਮੱਕੇ ਜਾਵਾਂ ਮੌਲਾ।

ਮੈਂ ਕਿਉਂ ਹੀਰ ਸਲੇਟੀ ਵਾਂਙੂੰ,
ਰਾਂਝਣ ਰਾਂਝਣ ਗਾਵਾਂ ਮੌਲਾ।

ਯਾਰ "ਜ਼ਫ਼ਰ" ਦੀ ਕਰ ਦਿਲਜੋਈ,
ਜੱਗ ਨਈਂ ਸੁਣਦਾ ਹਾਵਾਂ ਮੌਲਾ।



## 35

ਸੋਹਣਾ ਦਰਦ ਹੰਢਾ ਕੇ ਬੈਠਾ,
ਗਲ ਵਿੱਚ ਕਫ਼ਨੀ ਪਾ ਕੇ ਬੈਠਾ।

ਰਾਈਂ ਖ਼ਾਤਰ ਝਾਂਜਰ ਪਾਈ,
ਸੱਯਦ ਫ਼ਰਕ ਮੁਕਾ ਕੇ ਬੈਠਾ।

ਰਾਂਝਾ ਕੰਨ ਪੜਵਾਈ ਫਿਰਦਾ,
ਖੇੜਾ ਸਿਹਰਾ ਲਾ ਕੇ ਬੈਠਾ।

ਕੱਲ ਵੀ ਰਾਹਾਂ ਵਿੱਚ ਰੁਲ਼ਿਆ ਸੀ,
ਅੱਜ ਵੀ ਧੱਕੇ ਖਾ ਕੇ ਬੈਠਾ।

ਚਾਹ ਦਾ ਪੰਛੀ ਰੁੱਖਾਂ ਉੱਤੇ,
ਗੀਤ ਮਿਲਣ ਦੇ ਗਾ ਕੇ ਬੈਠਾ।

ਢੋਲਣ ਆਵੇ ਜਾਂ ਨਾ ਆਵੇ,
"ਜ਼ਫ਼ਰੀ" ਨੈਣ ਵਿਛਾ ਕੇ ਬੈਠਾ।

## 36

ਸੋਗ ਸਿਆਪੇ ਹਾਵਾਂ ਹੌਕੇ,
ਕੀ ਕੁਝ ਖੱਟਿਆ ਤੇਰਾ ਹੋ ਕੇ।

ਅੱਜ ਵੀ ਉਜਰਤ ਲੱਭੀ ਨਾਹੀਂ,
ਅੱਜ ਵੀ ਬੱਚੇ ਸੌਣਗੇ ਰੋ ਕੇ।

ਰੋਟੀ-ਰੋਟੀ ਜਪਦਾ ਜਾਵਾਂ,
ਭੁੱਖ ਨੂੰ ਤਸਬੀ ਵਿੱਚ ਪਰੋ ਕੇ।

ਢਿੱਡ ਦਾ ਖੂਹ ਨਈਂ ਭਰਨਾ ਤੇਰਾ,
ਸਾਡੇ ਮੂੰਹ ਦੀ ਬੁਰਕੀ ਖੋਹ ਕੇ।

ਮੈਂ ਝੁੱਗੀ ਤੂੰ ਮਹਿਲਾਂ ਅੰਦਰ,
ਦੋਹਾਂ ਰਾਤ ਗੁਜ਼ਾਰੀ ਸੋ ਕੇ।

"ਜ਼ਫ਼ਰੀ" ਫੋਟੋਸ਼ੂਟ ਕਰਾਉਂਦੇ,
ਜ਼ਾਲਮ ਮਾੜੇ ਨਾਲ਼ ਖਲੋ ਕੇ।



## 37

ਰੰਗਾਂ ਦੇ ਵਿੱਚ ਘੋਲ਼ ਕੇ ਚੀਕਾਂ,
ਹਿਜਰ ਦੀਆਂ ਤਸਵੀਰਾਂ 'ਲੀਕਾਂ।

ਅੱਲੜਾਂ ਮੈਨੂੰ ਤੱਕ-ਤੱਕ ਹੱਸਣ,
ਤਾਨੇ ਮੈਨੂੰ ਦੇਣ ਮੰਡੀਕਾਂ।

ਮੇਰੇ ਕਰਕੇ ਪਿੰਡ ਤੂੰ ਛੱਡਿਆ,
ਲਾਇਆ ਇਹ ਬਹੁਤਾਨ ਸ਼ਰੀਕਾਂ।

ਅਪਣੇ ਖ਼ਤ ਤੇ ਛਾਪਾਂ ਛੱਲੇ,
ਲੈ ਜਾਵੇ ਤੇ ਮੁੱਕਣ ਫ਼ਟੀਕਾਂ।

ਅੱਜ ਈ ਫਾਹੇ ਲਾ ਦੇ ਮੈਨੂੰ,
ਕਾਜ਼ੀ ਰੱਖ ਨਾ ਹੋਰ ਤਰੀਕਾਂ।

ਜੁੱਸੇ ਦੇ ਵਿੱਚ ਸਾਹ ਨਈਂ "ਜ਼ਫ਼ਰੀ",
ਅੱਖਾਂ ਦੇ ਵਿੱਚ ਹੈਨ ਉਡੀਕਾਂ।

(ਮੰਡੀਕਾਂ - ਮੁਡੀਰ, ਬਹੁਤਾਨ - ਇਲਜ਼ਾਮ,
ਫ਼ਟੀਕਾਂ - ਫ਼ਾਲਤੂ ਕੰਮ)

## 38

ਦਿਸਣ ਆਲ਼ ਦਵਾਲ਼ੇ ਖ਼ਤਰੇ,
ਕਾਹਨੂੰ ਹੱਥੀ ਪਾਲ਼ੇ ਖ਼ਤਰੇ।

ਦਹਿਸ਼ਤ ਵਾਲ਼ੀ ਅੱਗ ਨੇ ਸਾਡੇ,
ਹੱਡਾਂ ਦੇ ਵਿੱਚ ਗਾਲ਼ੇ ਖ਼ਤਰੇ।

ਸਰਹੱਦ ਉੱਤੇ ਪਿੰਡ ਏ ਸਾਡਾ,
ਆਪਾਂ ਹਿੱਕ 'ਤੇ ਬਾਲ਼ੇ ਖ਼ਤਰੇ।

ਉਸ ਤੋਂ ਬਿਹਤਰ ਘੁੱਪ ਹਨੇਰੇ,
ਜੇਕਰ ਹੋਣ ਉਜਾਲੇ ਖ਼ਤਰੇ।

ਪਹਿਰੇਦਾਰਾਂ ਫ਼ਰਜ਼ ਨਿਭਾ ਕੇ,
ਸ਼ਾਲਾ ਹੁੰਦੇ ਟਾਲ਼ੇ ਖ਼ਤਰੇ।

ਸੱਚੀਆਂ ਖਰੀਆਂ ਕਰਕੇ "ਜ਼ਫ਼ਰੀ",
ਕੀਤੀ ਜਾਨ ਹਵਾਲੇ ਖ਼ਤਰੇ।



## 39

ਮੌਤਾਂ ਦਾ ਸਾਮਾਨ ਬਣਾਈ ਬੈਠੇ ਆਂ,
ਸੱਪਾਂ ਨੂੰ ਪ੍ਰਧਾਨ ਬਣਾਈ ਬੈਠੇ ਆਂ।

ਵੈਰੀ ਤੇ ਹੁਣ ਘਰ ਵਿੱਚ ਵੱਟੇ ਮਾਰਨਗੇ,
ਮਾਲਕ ਜਦ ਦਰਬਾਨ ਬਣਾਈ ਬੈਠੇ ਆਂ।

ਮੁਸ਼ਕਲ ਦੂਰ ਕਰਨ ਦਾ ਕਹਿ ਕੇ ਆਏ ਸਾਂ,
ਹੋਰ ਨਵੇਂ ਬਹੁਰਾਨ ਬਣਾਈ ਬੈਠੇ ਆਂ।

ਰੱਬ ਦੇ ਫ਼ਰਮਾਨਾਂ ਨੂੰ ਰੱਖ ਗ਼ਿਲਾਫ਼ਾ ਵਿੱਚ,
ਮੁੱਲਾਂ ਨੂੰ ਕੁਰਾਨ ਬਣਾਈ ਬੈਠੇ ਆਂ।

ਲੋਕਾਂ ਭਾਵੇਂ ਗ਼ਜ਼ਲਾਂ ਦਾ ਨਾਂ ਦਿੱਤਾ ਏ,
ਪੀੜਾਂ ਨੂੰ ਦੀਵਾਨ ਬਣਾਈ ਬੈਠੇ ਆਂ।

ਮੰਨਿਆ ਇਹ ਮਸ਼ਹੂਰ ਨਹੀਂ ਆਂ ਪਰ "ਜ਼ਫ਼ਰੀ",
ਅਪਣੀ ਇੱਕ ਪਹਿਚਾਣ ਬਣਾਈ ਬੈਠੇ ਆਂ।

(ਬਹੁਰਾਨ – ਮਸਲੇ)

## 40

ਚਿਤ ਦੇ ਨਾਲ਼ ਕਰਾਂ ਤਕਰਾਰ,
ਮੁੜ ਮੁੜ ਚੇਤੇ ਆਵੇ ਯਾਰ।

ਮੈਂ ਤੇ ਉਸੇ ਵੇਲੇ ਹਰਿਆ,
ਜਦ ਮੈਂ ਪਾਇਆ ਗਲ਼ ਵਿੱਚ ਹਾਰ।

ਮੈਨੂੰ ਤੇ ਉਹ ਮੇਰਾ ਜਾਪੇ,
ਮੁੱਲਾ ਜੀ ਨੂੰ ਥਾਣੇਦਾਰ।

ਇਸ਼ਕ ਸਮੁੰਦਰ ਦੇ ਵਿੱਚ ਆਸ਼ਕ,
ਮੈਂ ਨਹੀਂ ਵੇਖੇ ਲੱਗਦੇ ਪਾਰ।

ਚਾਰੋਂ ਪਾਸੇ ਯਾਰ ਦੀ ਨਗਰੀ,
ਚੰਨ ਮਾਹੀ ਦੇ ਬੇਲੀ ਚਾਰ।

ਚੜ੍ਹਦੇ ਵੱਲੋਂ ਆਣ ਹਵਾਵਾਂ,
“ਜ਼ਫ਼ਰੀ” ਦੇਵਣ ਸੀਨੇ ਠਾਰ।



## 41

ਦਿਲ ਦੀ ਰਹਿਣੀ ਦਿਲ ਦੇ ਅੰਦਰ,
ਲੰਘ ਜਾਣਾ ਏ ਫੇਰ ਦਸੰਬਰ।

ਸਾਲ ਨਵੇਂ ਵਿੱਚ ਰੋਗ ਪੁਰਾਣੇ,
ਸੁੱਕੀ ਧਰਤੀ ਰੁੱਸਿਆ ਅੰਬਰ।

ਠੇਕੇਦਾਰੀ ਕਾਇਮ ਰਹਿਣੀ,
ਹੋਵੇ ਮਸਜਦ ਭਾਵੇਂ ਮੰਦਰ।

ਬਾਰਾਂ ਮਹੀਨੇ ਰੱਜ ਕੇ ਆਪਾਂ,
ਇੱਕ ਦੂਜੇ ਨੂੰ ਕਹਿਣਾ ਕਾਫ਼ਰ।

ਮਹਿੰਗਾਈ ਨੇ ਢੋਲ ਵਜਾਉਣਾ,
ਭੁੱਖਾਂ ਨੱਚਣਾ ਪਾ ਕੇ ਝਾਂਜਰ।

ਖ਼ੂਨ ਦੇ ਵਗਦੇ ਦਰਿਆ “ਜ਼ਫ਼ਰੀ”,
ਸ਼ਾਲਾ ਕਰਨ ਨਾ ਲਾਲ ਸਮੁੰਦਰ।

## 42

ਲੇਖਾਂ ਪਿੱਟਿਆ ਹੱਸ ਨਈਂ ਸਕਦਾ,
ਆਸ਼ਕ ਪੀੜ ਤੋਂ ਨੱਸ ਨਈਂ ਸਕਦਾ।

ਨੀਵੀਂ ਟਹਿਣੀ ਫਲ਼ ਲੱਗਦਾ ਏ,
ਉੱਚਾ ਬੱਦਲ ਵੱਸ ਨਈਂ ਸਕਦਾ।

ਜਿਸ ਦੀ ਖ਼ਾਤਰ ਸ਼ਾਇਰ ਬਣਿਆ,
ਉਹਦਾ ਨਾਂ ਮੈਂ ਦੱਸ ਨਈਂ ਸਕਦਾ।

ਹੱਥ ਵਿੱਚ ਮੇਰੇ ਰੰਗ ਦੇ ਪੱਤੇ,
ਚਾਲ ਤਿਰੀ ਵਿੱਚ ਫੱਸ ਨਈਂ ਸਕਦਾ।

ਪਿਆਰ ਨਗਰ ਦਾ ਕੂਚਾ "ਜ਼ਫ਼ਰੀ",
ਦੂਜੀ ਵਾਰੀ ਵੱਸ ਨਈਂ ਸਕਦਾ।



## 43

ਪੀੜਾਂ ਦੇ ਵੱਸ ਪਾ ਜਾਂਦਾ ਏਂ,
ਵਕਤ ਜਵਾਨੀ ਖਾ ਜਾਂਦਾ ਏਂ।

ਹੱਡਾਂ ਦਾ ਸੱਤ ਕੱਢ ਲੈਂਦਾ ਏਂ,
ਹੱਥੀਂ ਲੱਠ ਫੜਾ ਜਾਂਦਾ ਏਂ।

ਚਾਰੋਂ ਛਾਨੇ ਚਿੱਤ ਕਰ ਦਿੰਦਾ,
ਜ਼ਾਲਮ ਕੰਢ ਲਵਾ ਜਾਂਦਾ ਏਂ।

ਅੱਖ ਦਾ ਚਾਨਣ ਖੋਹ ਕੇ ਭੈੜਾ,
ਚਾਨਣ ਸਰ ਬਿਠਾ ਜਾਂਦਾ ਏਂ।

ਖ਼ਵਰੇ ਕਾਹਦੀ ਛੇਤੀ ਇਹਨੂੰ,
ਵੇਲ਼ਾ ਵਾਂਗ ਹਵਾ ਜਾਂਦਾ ਏਂ।

ਇਕਲਾਪੇ ਦੇ ਨਾਲ ਮਿਲਾ ਕੇ,
ਯਾਦਾਂ ਦੇ ਲੜ ਲਾ ਜਾਂਦਾ ਏਂ।

ਧੀਆਂ ਪੁੱਤਰ ਦੇ ਕੇ "ਜ਼ਫ਼ਰੀ",
ਮਾਪੇ ਮਾਰ ਮੁਕਾ ਜਾਂਦਾ ਏਂ।

## 44

ਜੇ ਟੁਰਿਆ ਤੇ ਰੁਕਣਾ ਨਈਂ ਮੈਂ,
ਆਈ ਤੋਂ ਬਿਨ ਮੁੱਕਣਾ ਨਈਂ ਮੈਂ।

ਮੇਰਾ ਮੁਰਸ਼ਦ ਕਰਬਲ ਵਾਲ਼ਾ,
ਜ਼ਾਲਮ ਅੱਗੇ ਝੁੱਕਣਾ ਨਈਂ ਮੈਂ।

ਉੱਚੀ ਥਾਂ ਤੇ ਯਾਰੀ ਲਾਈ,
ਨੀਵੇਂ ਪਾਸੇ ਢੁਕਣਾ ਨਈਂ ਮੈਂ।

ਇਸ਼ਕੇ ਦਾ ਖੂਹ ਵਗਦਾ ਮੇਰਾ,
ਰਾਵੀ ਵਾਂਙੂ ਸੁੱਕਣਾ ਨਈਂ ਮੈਂ।

ਤੀਰ ਦੇ ਵਾਂਙੂ ਸੀਨੇ ਵੱਜਣਾ,
ਕਿੱਲੇ ਵਾਂਗਰ ਠੁੱਕਣਾ ਨਈਂ ਮੈਂ।

ਮੌਤ ਦਾ ਜਸ਼ਨ ਮਨਾਉਣਾ "ਜ਼ਫ਼ਰੀ",
ਆਈ ਵੇਖ ਕੇ ਲੁਕਣਾ ਨਈਂ ਮੈਂ।



## 45

ਵੱਖਰਾ ਝੁੱਗਾ ਪਾਇਆ ਕਾਹਨੂੰ,
ਗੂੜਾ ਸਾਥ ਵੰਞਾਇਆ ਕਾਹਨੂੰ।

ਚੁੱਪ ਰਹਿੰਦਾ ਤੇ ਮੁੱਕ ਜਾਣੀ ਸੀ,
ਗੱਲ ਨੂੰ ਹੋਰ ਵਧਾਇਆ ਕਾਹਨੂੰ।

ਜਿਹਨੇ ਤੈਨੂੰ ਕੁੱਖ ਵਿੱਚ ਰੱਖਿਆ,
ਉਹਨੂੰ ਨੁਕਰੇ ਲਾਇਆ ਕਾਹਨੂੰ।

ਮੁੱਖ ਪਰਤਾ ਕੇ ਬਹਿਣਾ ਸੀ ਤੇ,
ਕੂਕਾਂ ਮਾਰ ਬੁਲਾਇਆ ਕਾਹਨੂੰ।

ਹਾਰ ਨਹੀਂ ਇਹ ਹਾਰ ਏ ਗਲ਼ ਵਿੱਚ,
ਢੱਠੇ ਨੂੰ ਤੂੰ ਢਾਇਆ ਕਾਹਨੂੰ।

ਅਪਣੇ ਆਪ ਨਿਸ਼ਾਨੇ 'ਤੇ ਸਾਂ,
ਖ਼ਵਰੇ ਤੀਰ ਚਲਾਇਆ ਕਾਹਨੂੰ।

ਬੇਵਜ਼ਨਾ ਬੇਬਹਿਰਾ ਸੀ ਤੇ,
ਗੀਤ ਮਿਰਾ ਤੂੰ ਗਾਇਆ ਕਾਹਨੂੰ।

ਜੇ ਤੂੰ ਗੱਲ ਨਈਂ ਕਰਨੀ "ਜ਼ਫ਼ਰੀ",
ਦੱਸ ਖਾਂ ਫ਼ੂਨ ਮਿਲਾਇਆ ਕਾਹਨੂੰ।

## 46

ਡਾਕੂ ਫਿਰਦੇ ਨਗਰੀ ਅੰਦਰ,
ਲੁੱਟਦੇ ਵੇਖੇ ਵਰਦੀ ਅੰਦਰ।

ਬੱਚਾ ਅੰਡੇ ਵੇਚ ਰਿਹਾ ਸੀ,
ਨੰਗੇ ਪੈਰੀਂ ਸਰਦੀ ਅੰਦਰ।

ਹੰਝੂ ਚੁਗਲ਼ੀ ਕਰਦੇ ਪਏ ਨੇ,
ਹਾਂ ਨਹੀਂ ਲੱਭੀ ਮਰਜ਼ੀ ਅੰਦਰ।

ਕੁੰਡੀ ਦਾ ਤੇ ਬਹਾਨਾ ਬਣਿਆ,
ਦਰਿਆ ਮੋਇਆ ਮੱਛੀ ਅੰਦਰ।

ਬੀਜ ਦੇ ਅੰਦਰ ਬੂਟਾ ਵੱਸੇ,
ਨਸਲਾਂ ਵੱਸਣ ਨਸਲੀਂ ਅੰਦਰ।

ਵੈਰੀ ਵੇਖ ਕੇ ਨੱਸਿਆ ਭੈੜਾ,
ਜਿਗਰਾ ਨਈਂ ਸੀ ਜਿਗਰੀ ਅੰਦਰ।

ਭਿੱਜੀਆਂ ਸੱਧਰਾਂ ਦੱਸਿਆ "ਜ਼ਫ਼ਰੀ",
ਅੱਥਰੂ ਵੀ ਸਨ ਅਰਜ਼ੀ ਅੰਦਰ।



## 47

ਸਿਰ ਦੇ ਕੇ ਸਿਰਨਾਵਾਂ ਲਿਖਿਆ,
ਇਸ਼ਕ ਦਾ ਪੱਤਰਾ ਹਾਵਾਂ ਲਿਖਿਆ।

ਰਾਂਝੇ ਪੁੰਨੂੰ ਮਿਰਜ਼ੇ ਵਾਂਙੂੰ,
ਮੈਂ ਵੀ ਖਵਰੇ ਜਾਵਾਂ ਲਿਖਿਆ।

ਜੱਗ ਤੇ ਕੋਈ ਰੁਲਦਾ ਨਾਹੀਂ,
ਹੁੰਦਾ ਲੇਖ ਜੇ ਮਾਵਾਂ ਲਿਖਿਆ।

ਸੂਰਜ ਮੇਰਾ ਵੈਰੀ ਹੋਇਆ,
ਧੁੱਪਾਂ ਨੂੰ ਮੈਂ ਛਾਵਾਂ ਲਿਖਿਆ।

ਬਿਰਹੋਂ ਦੀ ਅੱਗ ਸੀਨੇ ਲਾ ਕੇ,
ਗੀਤ ਹਿਜਰ ਦਾ ਗਾਵਾਂ ਲਿਖਿਆ।

ਚਿੱਤ ਨੂੰ ਚੀਰਾ ਲਾ ਕੇ "ਜ਼ਫ਼ਰੀ",
ਆ ਜਾ ਖੋਲ੍ਹ ਵਿਖਾਵਾਂ ਲਿਖਿਆ।

ਅਪਣੇ ਆਪ ਨੂੰ ਮਾਰ ਲਿਆ ਏ,
ਸਾਹ ਦੇ ਕੇ ਸਤਿਕਾਰ ਲਿਆ ਏ।

ਇਸ਼ਕ ਦੀ ਹੱਟੀ ਵੇਖੀ ਸੀ ਪਰ,
ਸੌਦਾ ਪਹਿਲੀ ਵਾਰ ਲਿਆ ਏ।

ਸਾਡਾ ਚੁੱਲ੍ਹਾ ਠੰਢਾ ਹੋਇਆ,
ਤੂੰ ਤੇ ਸੀਨਾ ਠਾਰ ਲਿਆ ਏ।

ਪੱਟ ਨੂੰ ਚੀਰਾ ਲਾ ਲੈ ਮਿੱਤਰਾ,
ਕੱਚੇ ਮੈਨੂੰ ਤਾਰ ਲਿਆ ਏ।

ਲੱਗੀਆਂ ਦੀ ਉਹ ਕਦਰ ਪਛਾਣੇ,
ਜਿਸ ਨੇ ਮੰਗ ਕੇ ਯਾਰ ਲਿਆ ਏ।

ਢਿੱਡਾਂ ਉੱਤੇ ਪੱਥਰ ਬੰਨ੍ਹੇ,
ਰੱਜਿਆ ਪਹਿਰੇਦਾਰ ਲਿਆ ਏ।

ਬਾਰਾਂ ਕਿੱਲੇ ਵੇਚੇ "ਜ਼ਫ਼ਰੀ",
ਦਸ ਮਰਲੇ ਦਾ ਘਾਰ ਲਿਆ ਏ।





ਡਰ ਦਾ ਪਰਬਤ ਚੜ੍ਹਨਾ ਪੈਣਾ,
ਅਮਨ ਦੀ ਖ਼ਾਤਰ ਲੜਨਾ ਪੈਣਾ।

ਜੇ ਤੂੰ ਅੱਗ ਬੁਝਾਈ ਨਾ ਤੇ,
ਇੱਕ ਦਿਨ ਤੈਨੂੰ ਸੜਨਾ ਪੈਣਾ।

ਮਾੜੇ ਦੇ ਪੈਗ਼ਾਮ ਨੂੰ ਸ਼ਾਹਾਂ,
ਅੱਖਾਂ ਖੋਲ੍ਹ ਕੇ ਪੜ੍ਹਨਾ ਪੈਣਾ।

ਸਿਰਫ਼ ਮੁਜ਼ੰਮਤ ਹੁਣ ਨਈਂ ਚੱਲਣੀ,
ਹੱਥ ਜ਼ਾਲਮ ਦਾ ਫੜ੍ਹਨਾ ਪੈਣਾ।

ਬਾਗ਼ ਦੀ ਖ਼ਾਤਰ ਹੁਣ ਹਰ ਫੁੱਲ ਨੂੰ,
ਇੱਕ ਧਾਗੇ ਵਿੱਚ ਜੜਨਾ ਪੈਣਾ।

ਗੱਲਾਂ ਰਾਹੀਂ ਗੱਲ ਨਈਂ ਬਣਨੀ,
ਸੀਨਾ ਤਾਣ ਕੇ ਖੜ੍ਹਨਾ ਪੈਣਾ।

ਜ਼ਾਲਮ ਦੀ ਹਰ ਚਾਲ ਨੂੰ "ਜ਼ਫ਼ਰੀ",
ਮੁੰਜੀ ਵਾਂਗੂੰ ਛੜਨਾ ਪੈਣਾ।

(ਮੁਜ਼ੰਮਤ – ਨਿੰਦਾ)

## 50

ਵਿਛੜਨ ਦੀ ਅੱਜ ਬਰਸੀ ਏ,
ਤਾਂ ਹੀ ਤੇ ਅੱਖ ਫੜਕੀ ਏ।

ਬੁੱਲ੍ਹੇ ਸ਼ਾਹ ਨੂੰ ਪੜ੍ਹ ਕੇ ਮੈਂ,
ਲਿਖੀ ਅੱਜ ਸੀਹਰਫ਼ੀ ਏ।

ਲੱਗਦਾ ਏ ਹੜ੍ਹ ਆਵੇਗਾ,
ਬੱਦਲੀ ਜਿਸਰਾਂ ਕੜਕੀ ਏ।

ਝੁੱਗੀ ਦੀ ਰੱਬ ਖ਼ੈਰ ਕਰੇ,
ਮਹਿਲਾਂ ਵਿੱਚ ਅੱਗ ਭੜ੍ਹਕੀ ਏ।

ਜਹਲ ਦਾ ਸੀਨਾ ਪਾੜਾਗਾਂ,
ਹੱਥ ਵਿੱਚ ਇਲਮ ਦੀ ਬਰਛੀ ਏ।

ਸਭ ਦੀ ਸੁਣ ਕੇ ਯਾਰ "ਜ਼ਫ਼ਰ",
ਕਰਨੀ ਮਨ ਦੀ ਮਰਜ਼ੀ ਏ।

(ਜਹਲ – ਜਹਾਲਤ)



## 51

ਡੁੱਬੇ ਬੇੜੇ ਤਾਰੇ ਨਈਂ ਮੈਂ,
ਪਰ ਲਾਏ ਵੀ ਲਾਰੇ ਨਈਂ ਮੈਂ।

ਰਾਹ ਤੇ ਝੁੱਗੀ ਪਾ ਤੇ ਲਈ ਏ,
ਭਾਵੇਂ ਮਹਿਲ ਉਸਾਰੇ ਨਈਂ ਮੈਂ।

ਜੁੱਸਾ ਫੂਕ ਉਜਾਲਾ ਕੀਤਾ,
ਕੀਤੇ ਗ਼ੈਰ ਸਹਾਰੇ ਨਈਂ ਮੈਂ।

ਮਿੱਠੇ ਕੌੜੇ ਪੀ ਜਾਨਾਂ ਵਾਂ,
ਪਾਣੀ ਪੀਤੇ ਖਾਰੇ ਨਈਂ ਮੈਂ।

ਸਾਹ ਦੀ ਬਾਜ਼ੀ ਹਰ ਚੱਲਿਆ ਵਾਂ,
ਵੇਖ ਲੈ ਸੁਫ਼ਨੇ ਹਾਰੇ ਨਈਂ ਮੈਂ।

ਮੇਰੇ ਘਰ ਵੀ ਬੇਰੀ ਉੱਗੀ,
ਤਾਂ ਹੀ ਵੱਟੇ ਮਾਰੇ ਨਈਂ ਮੈਂ।

ਨਈਂ ਆਣਾ ਤੇ ਨਾ ਆ "ਜ਼ਫ਼ਰੀ",
ਰਾਹੀਂ ਨੈਣ ਖਿਲਾਰੇ ਨਈਂ ਮੈਂ।

## 52

ਜਦ ਪੀੜਾਂ ਵਿੱਚ ਰੋ ਨਾ ਹੋਵੇ,
ਉਹ ਹੁੰਦੀ ਏ ਜੋ ਨਾ ਹੋਵੇ।

ਪੱਥਰ ਉੱਤੇ ਲੀਕ ਦੇ ਵਾਂਙੂੰ,
ਮੁੱਖ ਦੀ ਕਾਲਖ਼ ਧੋ ਨਾ ਹੋਵੇ।

ਰੱਜੇ ਘਰ ਦੇ ਕੁੱਤੇ ਭੁੱਖੇ,
ਅੱਖਾਂ ਦਾ ਰੱਜ ਹੋ ਨਾ ਹੋਵੇ।

ਜੇ ਮੈਂ ਦਿਨ ਵਿੱਚ ਖ਼ੂਨ ਨਾ ਬਾਲ਼ਾ,
ਰਾਤੀਂ ਚੰਨ ਦੀ ਲੋਅ ਨਾ ਹੋਵੇ।

ਦੌੜਨ ਦਾ ਵੱਲ ਦੱਸੇ ਮੈਨੂੰ,
ਜਿਸ ਤੋਂ ਆਪ ਖਲੋ ਨਾ ਹੋਵੇ।

ਮੰਨਿਆ ਤਗੜੇ ਯਾਰ ਨੇ ਤੇਰੇ,
ਮਾੜੇ ਨਾਲ਼ ਧਰੋ ਨਾ ਹੋਵੇ।

ਯਾਰਾਂ ਤੋਂ ਬਿਨ "ਜ਼ਫ਼ਰੀ" ਜਿਸਰਾਂ,
ਫੁੱਲਾਂ ਵਿੱਚ ਖ਼ੁਸ਼ਬੋ ਨਾ ਹੋਵੇ।



## 53

ਵੇਖ ਸ਼ਿਕਾਰੀ ਜਾਂਦਾ ਏ,
ਕਹਿਰ ਗੁਜ਼ਾਰੀ ਜਾਂਦਾ ਏ।

ਇਨਸਾਨਾਂ ਨੂੰ ਚੀਰਨ ਲਈ,
ਲੈ ਕੇ ਆਰੀ ਜਾਂਦਾ ਏ।

ਜ਼ਹਿਰ ਦਾ ਰਾਖਾ ਬਸਤੀ ਵੱਲ,
ਖੋਲ੍ਹ ਪਟਾਰੀ ਜਾਂਦਾ ਏ।

ਜਥਾ ਪੱਤ ਨੂੰ ਲੁੱਟਣ ਲਈ,
ਵਾਰੋ-ਵਾਰੀ ਜਾਂਦਾ ਏ।

ਜੱਗ ਤੇ ਰੱਬ ਦੀ ਜੰਨਤ ਵੀ,
ਫੂਕੀ ਸਾਰੀ ਜਾਂਦਾ ਏ।

ਜੇਕਰ ਲੜਨਾ ਹੱਲ ਨਈਂ ਤੇ,
ਉਹ ਕਿਉਂ ਮਾਰੀ ਜਾਂਦਾ ਏ।

ਜ਼ੁਲਮ ਨੂੰ ਰੋਕਣ ਵਾਲ਼ਾ "ਜ਼ਫ਼ਰ",
ਹੱਥ ਪਸਾਰੀ ਜਾਂਦਾ ਏ।

## 54

ਅਪਣੇ ਲਈ ਵੀ ਸਰਿਆ ਨਈਂ ਤੂੰ,
ਖਵਰੇ ਕਾਹਨੂੰ ਮਰਿਆ ਨਈਂ ਤੂੰ।

ਪੂਰੇ ਪਿੰਡ ਦੀ ਪੱਗ ਤੂੰ ਰੋਲ਼ੀ,
ਕਲਮ ਕੱਲਾ ਹਰਿਆ ਨਈਂ ਤੂੰ।

ਮਾਲ ਯਤੀਮਾਂ ਦਾ ਤੂੰ ਖਾਧਾ,
ਕਹਿਰ ਖ਼ੁਦਾ ਦਾ ਡਰਿਆ ਨਈਂ ਤੂੰ।

ਤੇਰੀ ਖ਼ਾਤਰ ਬੋਲ ਰਿਹਾ ਸਾਂ,
ਮੇਰੀ ਗੱਲ ਵੀ ਜਰਿਆ ਨਈਂ ਤੂੰ।

ਮੇਰੇ ਕਾਸੇ ਵੱਲ ਕੀ ਤੱਕਨੈਂ,
ਅਪਣਾ ਬੱਠਲ ਭਰਿਆ ਨਈਂ ਤੂੰ।

ਪਾਣੀ ਦੇ ਵਿੱਚ ਪਾਣੀ ਹੋਇਓ,
"ਜ਼ਫ਼ਰੀ" ਡੁੱਬ ਕੇ ਤਰਿਆ ਨਈਂ ਤੂੰ।



## 55

ਜਿਹੜਾ ਘਾਰ ਬਣਾ ਸਕਦਾ ਏ,
ਉਹ ਕੰਧਾਂ ਵੀ ਢਾਹ ਸਕਦਾ ਏ।

ਅੱਗ ਤੇ ਪਾਣੀ ਪਾਵਣ ਵਾਲ਼ਾ,
ਵੇਖੀਂ ਤੇਲ ਵੀ ਪਾ ਸਕਦਾ ਏ।

ਜਿਹੜਾ ਰੱਜ ਕੇ ਭੁੱਖਾ ਹੋਵੇ,
ਉਹ ਕਲਬੂਤ ਵੀ ਖਾ ਸਕਦਾ ਏ।

ਵਸਲ ਦੇ ਨਗ਼ਮੇ ਗਾਵਣ ਵਾਲ਼ਾ,
ਗੀਤ ਹਿਜਰ ਦੇ ਗਾ ਸਕਦਾ ਏ।

ਕੂਕਾਂ ਅੰਦਰ ਹੂਕ ਜੇ ਹੋਵੇ,
ਜਾਵਣ ਵਾਲ਼ਾ ਆ ਸਕਦਾ ਏ।

ਅੰਮ੍ਰਿਤ ਘੋਲ਼ ਪਿਲਾਵਣ ਵਾਲ਼ਾ,
ਹੱਥੀਂ ਜ਼ਹਿਰ ਪਿਲਾ ਸਕਦਾ ਏ।

ਮੂੰਹ ਨੂੰ ਸੀ ਕੇ ਬੈਠਾ ਹੋਇਆ,
"ਜ਼ਫ਼ਰੀ" ਢੋਲ ਵਜਾ ਸਕਦਾ ਏ।

# 56

ਪਾਲਣ ਵਾਲ਼ੇ ਤੱਕਦੇ ਰਹਿ ਗਏ,
ਚੋਰ ਉਚੱਕੇ ਫਸਲਾਂ ਗਹਿ ਗਏ।

ਰੋ ਕੇ ਵੀ ਤੇ ਜਰਨੀ ਸੀ ਨਾ,
ਪੀੜ ਹਿਜਰ ਦੀ ਹੱਸ ਕੇ ਸਹਿ ਗਏ।

ਚੰਨ ਤੋਂ ਡਰ ਗਏ ਫੇਰ ਵਿਚਾਰੇ,
ਤਾਰੇ ਧਰਤੀ ਉੱਤੇ ਲਹਿ ਗਏ।

ਚੀਚੀ ਫੜ ਕੇ ਤੁਰਦੇ ਸੀ ਜੋ,
ਉੱਡ ਕੇ ਅਸਮਾਨਾਂ 'ਤੇ ਬਹਿ ਗਏ।

ਦਿਲ ਨੂੰ ਮਾਣ ਤਰਾਨ ਸੀ ਕਿੰਨੇ,
ਇੱਕੋ ਵਾਰੀ ਸਾਰੇ ਢਹਿ ਗਏ।

ਕਮਜ਼ਰਫ਼ਾਂ ਦੀ ਯਾਰੀ ਖੋਟੀ,
"ਜ਼ਫ਼ਰੀ" ਖ਼ੂਬ ਸਿਆਣੇ ਕਹਿ ਗਏ।



# 57

ਮੈਂ ਤੇ ਜੰਦਰਾ ਲਾ ਨਈਂ ਹੋਇਆ,
ਇਸ਼ਕ ਦਾ ਬੂਹਾ ਵਾ ਨਈਂ ਹੋਇਆ।

ਗਲ਼ ਵਿੱਚ ਮਾਲਾ ਹੱਥ ਵਿੱਚ ਤਸਬੀ,
ਸਾਥੋਂ ਅਲਖ ਜਗਾ ਨਈਂ ਹੋਇਆ।

ਨਫ਼ਲਾਂ ਦੇ ਚੱਕਰ ਵਿੱਚ ਫਸ ਗਏ,
ਇੱਕ ਵੀ ਫ਼ਰਜ਼ ਅਦਾ ਨਈਂ ਹੋਇਆ।

ਅੱਖਰ-ਅੱਖਰ ਛਾਣ ਕੇ ਲਿਖਿਆ,
ਗੀਤ ਅਜੇ ਤੱਕ ਗਾ ਨਈਂ ਹੋਇਆ।

ਹੋਂਠ ਸ਼ਰਾਬੀ ਚਾਨਣ ਜੁੱਸਾ,
ਮੈਥੋਂ ਛੱਡ ਕੇ ਜਾ ਨਈਂ ਹੋਇਆ।

ਗ਼ਜ਼ਲਾਂ ਦੇ ਵਿੱਚ ਆ ਵੜਿਆ ਏ,
ਚੰਦਰਾ ਦਰਦ ਲੁਕਾ ਨਈਂ ਹੋਇਆ।

ਇਸ਼ਕ ਨੂੰ ਮੱਥਾ ਟੇਕਾਂ ਕਿਸਰਾਂ,
"ਜ਼ਫ਼ਰੀ" ਯਾਰ ਖ਼ੁਦਾ ਨਈਂ ਹੋਇਆ।

(ਵਾ – ਖੁੱਲ੍ਹਣਾ, ਨਫ਼ਨਾਂ – ਗ਼ੈਰ ਫ਼ਰਜ਼ ਨਮਾਜ਼)

## 58

ਕਾਤਲ ਨੂੰ ਮਨਾਇਆ ਅੱਜ ਆਪੇ,
ਮਕਤਲ ਵੀ ਸਜਾਇਆ ਅੱਜ ਆਪੇ।

ਖ਼ੰਜਰ ਨੂੰ ਮੈਡਲ ਵਾਂਙੂ ਮੈਂ,
ਸੀਨੇ ਤੇ ਲਾਇਆ ਅੱਜ ਆਪੇ।

ਅਪਣੀ ਫੂਹੜੀ 'ਤੇ ਬਹਿ ਕੇ ਮੈਂ,
ਰੱਜ ਵੈਣ ਵੀ ਪਾਇਆ ਅੱਜ ਆਪੇ।

ਫੱਟੇ 'ਤੇ ਰੱਖ ਕੇ ਮਈਅਤ ਨੂੰ,
ਮੈਂ ਗ਼ੁਸਲ ਦਵਾਇਆ ਅੱਜ ਆਪੇ।

ਡੀਗਰ ਤੋਂ ਬਾਅਦ ਜਨਾਜ਼ਾ ਸੀ,
ਮੈਂ ਆਪ ਪੜ੍ਹਾਇਆ ਅੱਜ ਆਪੇ।

ਮੈਂ ਅਪਣੇ ਨਾਕਸ ਜੁੱਸੇ ਨੂੰ,
ਹੱਥੀਂ ਦਫ਼ਨਾਇਆ ਅੱਜ ਆਪੇ।

ਮੈਂ ਆਪੇ ਅਪਣੀ ਤੁਰਬਤ 'ਤੇ,
ਫੁੱਲਾਂ ਨੂੰ ਵਿਛਾਇਆ ਅੱਜ ਆਪੇ।



ਕੌੜਾ ਵੱਟਾ ਜੋ ਕੀਤਾ ਸੀ,
ਲੋਕਾਂ ਨੂੰ ਖਵਾਇਆ ਅੱਜ ਆਪੇ।

ਗੱਲ "ਜ਼ਫ਼ਰੀ" ਇੱਥੇ ਮੁੱਕਦੀ ਏ,
ਮੈਂ ਯਾਰ ਗਵਾਇਆ ਅੱਜ ਆਪੇ।

(ਮਕਤਲ - ਕਤਲਗਾਹ, ਡੀਗਰ - ਲੌਢਾ ਵੇਲਾ,
ਨਾਕਸ - ਕਮਜ਼ੋਰ, ਤੁਰਬਤ - ਕਬਰ)

ਤੂੰ ਕਹਿਨਾ ਏ ਮਰ ਜਾਣਾ ਏ ਮੈਂ ਨਈਂ ਮਰਨਾ,
ਅਪਣੇ ਦੂਜੇ ਘਰ ਜਾਣਾ ਏ ਮੈਂ ਨਈਂ ਮਰਨਾ।

ਲੋਕੀਂ ਮੈਨੂੰ ਗੱਲਾਂ ਦੇ ਵਿੱਚ ਯਾਦ ਕਰਨਗੇ,
ਮੈਂ ਕੁਝ ਐਸਾ ਕਰ ਜਾਣਾ ਏ ਮੈਂ ਨਈਂ ਮਰਨਾ।

ਪੀਲਾ ਚਿਹਰਾ ਸਾਹ ਦੀ ਬੰਦਸ਼ ਜਿਸਮ ਦੀ ਆਕੜ,
ਵੇਖ ਕੇ ਸੱਜਣਾਂ ਡਰ ਜਾਣਾ ਏ ਮੈਂ ਨਈਂ ਮਰਨਾ।

ਦਰਦਾਂ ਹਿਜਰਾਂ ਸੱਧਰਾਂ ਪੀੜਾਂ ਦੇ ਵਿੱਚ ਡੁੱਬਿਆ,
ਆਖਰ ਜੁੱਸਾ ਤਰ ਜਾਣਾ ਏ ਮੈਂ ਨਈਂ ਮਰਨਾ।

ਮੈਨੂੰ ਜਦ ਮਲਕ ਉਲ ਮੌਤ ਨੇ ਕਿਹਾ ਚੱਲ ਚੱਲੀਏ,
ਚੁੰਮ ਕੇ ਉਹਦੇ ਪਰ ਜਾਣਾ ਏ ਮੈਂ ਨਈਂ ਮਰਨਾ।

"ਜ਼ਫ਼ਰੀ" ਮੈਂ ਜ਼ਿੰਦਾ ਰਹਿਣਾ ਅਪਣੇ ਸ਼ਿਅਰਾਂ ਵਿੱਚ,
ਮੌਤ ਨੇ ਮੈਥੋਂ ਹਰ ਜਾਣਾ ਏ ਮੈਂ ਨਈਂ ਮਰਨਾ।





ਖਾਕੀ ਚਿੱਟੇ ਕਾਲੇ ਪੱਥਰ,
ਵੇਖੇ ਆਲ਼-ਦਵਾਲ਼ੇ ਪੱਥਰ।

ਕੁਝ ਮਸਲਕ ਕੁਝ ਲੀਡਰ ਪੂਜਣ,
ਲੋਕਾਂ ਫੇਰ ਬਣਾ ਲਏ ਪੱਥਰ।

ਬੱਚਿਆਂ ਨੂੰ ਪਰਚਾਵਣ ਦੇ ਲਈ,
ਮਾਂ ਹਾਂਡੀ ਵਿੱਚ ਗਾਲ਼ੇ ਪੱਥਰ।

ਰਾਹ ਤੇਰੀ ਤੋਂ ਚੁਣ ਕੇ ਆਪਾਂ,
ਮੁੰਦਰੀ ਵਿੱਚ ਜੜਾ ਲਏ ਪੱਥਰ।

ਉਹਦੇ ਹੱਥ ਸੀ ਰੰਗ ਦੇ ਪੱਤੇ,
ਹੋ ਗਏ ਸਾਡੇ ਚਾਲੇ ਪੱਥਰ।

ਸ਼ੀਸ਼ ਮਹੱਲ ਵਿੱਚ ਰਹਿ ਕੇ ਉਹਨੇ,
ਖ਼ਵਰੇ ਕਿਸਰਾਂ ਟਾਲ਼ੇ ਪੱਥਰ।

ਮਜ਼ਦੂਰਾਂ ਦੇ ਹੱਥ ਵਿੱਚ "ਜ਼ਫ਼ਰੀ",
ਆਖਰ ਹੋ ਗਏ ਛਾਲੇ ਪੱਥਰ।

(ਮਸਲਕ – ਇਸਲਾਮ ਦਾ ਫ਼ਿਰਕਾ)

## 61

ਕੱਖ ਜਦ ਭਾਰੇ ਹੋਵਣਗੇ,
ਬੁੱਕ ਵਿੱਚ ਤਾਰੇ ਹੋਵਣਗੇ।

ਮਿੱਟੀ ਹੀਰੇ ਜੰਮੇਗੀ,
ਪੱਥਰ ਗਾਰੇ ਹੋਵਣਗੇ।

ਪਾਣੀ ਅੱਗ ਹਵਾ ਤੇ ਚਾਨਣ,
ਖ਼ਾਕ ਤੋਂ ਵਾਰੇ ਹੋਵਣਗੇ।

ਲਹਿੰਦੇ ਚੜ੍ਹਦੇ ਦੱਖਣ ਪਹਾੜ,
ਅਪਣੇ ਚਾਰੇ ਹੋਵਣਗੇ।

ਰੱਬ ਦੀ ਸੋਹਣੀ ਧਰਤੀ ਦੇ,
ਮਾਲਕ ਸਾਰੇ ਹੋਵਣਗੇ।

ਖ਼ੌਫ ਦੀ ਕੰਡ ਲਵਾਣੀ ਏ,
ਘਰ-ਘਰ ਝਾਰੇ ਹੋਵਣਗੇ।

ਤਖ਼ਤਾਂ ਉੱਤੇ ਯਾਰ "ਜ਼ਫ਼ਰ",
ਬਖ਼ਤਾਂ ਮਾਰੇ ਹੋਵਣਗੇ।



## 62

ਗਲੀਆਂ ਵਿੱਚ ਫਿਰਦੇ ਮਸ਼ਟੰਡੇ,
ਸਿਰ 'ਤੇ ਟੋਪੀ ਹੱਥ ਵਿੱਚ ਡੰਡੇ।

ਵੇਖ ਮਸੀਤੇ ਬਹਿ ਕੇ ਮੁੱਲਾ,
ਰੋਟੀ ਬਦਲੇ ਨਫ਼ਰਤ ਵੰਡੇ।

ਮੂੰਹੋਂ ਇੱਜ਼ਤ ਮੰਗਣਾ ਜਿਸਰਾਂ,
ਸੌ-ਸੌ ਜੁੱਤੀ ਸੌ-ਸੌ ਗੰਡੇ।

ਸਿਖ਼ਰ ਦੁਪਹਿਰੇ ਤਾਰੇ ਚਮਕਣ,
ਜਦ ਉਹ ਧੋ ਕੇ ਜ਼ੁਲਫ਼ਾਂ ਛੰਡੇ।

ਉਹੋ ਅਸਲੀ ਸਾਥ ਕਹਾਵੇ,
ਜਿਹੜਾ ਉਮਰਾਂ ਤੀਕਰ ਹੰਡੇ।

ਪੈਂਡੇ ਨਾਲ਼ੋਂ ਬਹੁਤੇ "ਜ਼ਫ਼ਰੀ",
ਪੈਰਾਂ ਦੇ ਵਿੱਚ ਸੂਲ਼ਾਂ ਕੰਡੇ।

## 63

ਧੜਕਣ ਦੇ ਵਿੱਚ ਹੜ੍ਹ ਵੇ ਮਾਹੀਆ,
ਨਬਜ਼ ਮਿਰੀ ਨੂੰ ਫੜ ਵੇ ਮਾਹੀਆ।

ਬਾਹਵਾਂ ਦੇ ਵਿੱਚ ਪਾ ਕੇ ਬਾਹਵਾਂ,
ਸੀਨਾ ਤਾਣ ਕੇ ਖੜ੍ਹ ਵੇ ਮਾਹੀਆ।

ਲਾਲ ਨਗੀਨਾ ਕਰਕੇ ਮੈਨੂੰ,
ਮੁੰਦਰੀ ਦੇ ਵਿੱਚ ਜੜ ਵੇ ਮਾਹੀਆ।

ਕੁੰਦਨ ਹੋਣ ਤੋਂ ਪਹਿਲਾਂ ਪਹਿਲਾਂ,
ਚਿਤ ਨੇ ਜਾਣਾ ਸੜ ਵੇ ਮਾਹੀਆ।

ਲੇਖਾਂ ਮੈਥੋਂ ਵੈਰ ਕਮਾਇਆ,
ਲੇਖਾਂ ਨਾਲ਼ ਤੇ ਲੜ ਵੇ ਮਾਹੀਆ।

ਜੁੱਸੇ ਤੋਂ ਗੱਲ ਟੱਪ ਗਈ "ਜ਼ਫ਼ਰੀ",
ਰੂਹ ਦੇ ਅੰਦਰ ਵੜ ਵੇ ਮਾਹੀਆ।



## 64

ਗੋਰੇ ਹੱਥ ਨੂੰ ਪੀਲਾ ਕਰ ਲੈ,
ਵਸਲਾਂ ਦਾ ਕੁਝ ਹੀਲਾ ਕਰ ਲੈ।

ਤੇਰੇ ਅੰਦਰ ਵਸਦਾ ਮਾਹੀ,
ਅਪਣਾ ਆਪ ਵਸੀਲਾ ਕਰ ਲੈ।

ਅਪਣਾ ਪੈਂਡਾ ਕੱਟਣਾ ਆਪੇ,
ਭਾਵੇਂ ਨਾਲ਼ ਕਬੀਲਾ ਕਰ ਲੈ।

ਯਾਦਾਂ ਤੋਂ ਰਸ ਲੈ ਕੇ ਢੋਲਾ,
ਫੋਕਾ ਬਖ਼ਤ ਰਸੀਲਾ ਕਰ ਲੈ।

ਚੰਨ ਤਾਰੇ ਵੀ ਆ ਜਾਵਣਗੇ,
ਦਿਲ ਦਾ ਅੰਬਰ ਨੀਲਾ ਕਰ ਲੈ।

ਥਾਂ-ਥਾਂ 'ਤੇ ਦਿਲ ਲਾਉਣਾ ਮੰਦਾ,
ਇੱਕ ਦਿਲਦਾਰ ਸਜੀਲਾ ਕਰ ਲੈ।

ਇਸ਼ਕ ਦਾ ਸੂਰਜ ਚਮਕਾਂ ਮਾਰੇ,
"ਜ਼ਫ਼ਰੀ" ਤਨ ਬਰਫ਼ੀਲਾ ਕਰ ਲੈ।

## 65

ਹੱਥਾਂ ਦੇ ਵਿੱਚ ਹੱਥ ਨਾ ਪਾਈਂ,
ਦੂਰੋਂ-ਦੂਰੋਂ ਗੱਲ ਸਮਝਾਈਂ।

ਮੈਥੋਂ ਹੋਰ ਯਕੀਨ ਨਈਂ ਹੋਣਾ,
ਐਵੇਂ ਝੂਠੀ ਕਸਮ ਨਾ ਖਾਈਂ।

ਪਾਣੀ ਨੂੰ ਰੱਤ ਕਹਿ ਲੈ ਭਾਵੇਂ,
ਅਜ਼ਮਾਏ ਨੂੰ ਨਾ ਅਜ਼ਮਾਈਂ।

ਮਾੜੇ ਦੇ ਬੂਹੇ ਵੀ ਬਹੁੜੀਂ,
ਰੱਬ ਦੇ ਵਾਂਙੂੰ ਨਾ ਵਰਤਾਈਂ।

ਚਿੱਤ ਅਪਣੇ ਵਿੱਚ ਝਾਤੀ ਪਾ ਕੇ,
ਮੈਨੂੰ ਮੇਰੇ ਨਾਲ ਮਿਲਾਈਂ।

ਮੀਰ ਤੇ ਗ਼ਾਲਿਬ ਭੁੱਲ ਜਾਵੇਗਾ,
ਜਾ ਕੇ ਉਹਨੂੰ ਹੀਰ ਸੁਣਾਈਂ।

"ਜ਼ਫ਼ਰੀ" ਉੱਚਾ ਹੋ ਜਾਵੇਂਗਾ,
ਨੀਵਾਂ ਹੋ ਕੇ ਨੀਵੀਂ ਪਾਈਂ।



## 66

ਸਾਹਵਾਂ ਵਿੱਚ ਜੇ ਸਾਹ ਨਾ ਹੁੰਦਾ,
ਗਲ਼ ਮੇਰੇ ਵਿੱਚ ਫਾਹ ਨਾ ਹੁੰਦਾ।

ਤੈਨੂੰ ਛੱਡ ਕੇ ਜੀਅ ਸਕਦਾ ਤੇ,
ਤੇਰੇ ਨਾਲ਼ ਨਿਭਾਅ ਨਾ ਹੁੰਦਾ।

ਇੱਕ ਦੂਜੇ ਦੀ ਸੁਣ ਲੈਂਦੇ ਤੇ,
ਵੱਸਦਾ ਘਾਰ ਤਬਾਹ ਨਾ ਹੁੰਦਾ।

ਫ਼ਿਕਰਾਂ ਦਾ ਹਲ਼ ਚੱਲਦਾ ਨਾ ਤੇ,
ਅਕਲ ਦਾ ਖੇਤਰ ਵਾਹ ਨਾ ਹੁੰਦਾ।

ਹੁੰਦੀ ਕੰਧ ਜੇ ਉੱਚੀ "ਜ਼ਫ਼ਰੀ",
ਵਿਹੜਾ ਵਗਦੀ ਰਾਹ ਨਾ ਹੁੰਦਾ।

ਫੁੱਲ ਦਾ ਸੀਨਾ ਫੋਲ ਕੇ ਬੈਠਾ,
ਖ਼ੁਸ਼ਬੂ ਨੂੰ ਮੈਂ ਤੋਲ ਕੇ ਬੈਠਾ।

ਕੱਲ੍ਹ ਵੀ ਨਜ਼ਰਾਂ ਰਾਹਵਾਂ ਤੇ ਸਨ,
ਅੱਜ ਵੀ ਬੂਹਾ ਖੋਲ ਕੇ ਬੈਠਾ।

ਜਿੰਨ੍ਹਾਂ ਖ਼ਾਤਰ ਖ਼ਾਕ ਤੂੰ ਛਾਣੀ,
ਮੈਂ ਉਹ ਤਮਗ਼ੇ ਰੋਲ ਕੇ ਬੈਠਾ।

ਸੱਟ ਤੇਰੀ ਨੂੰ ਇੱਜ਼ਤ ਬਖ਼ਸ਼ੀ,
ਇਹ ਨਾ ਸਮਝੀਂ ਡੋਲ ਕੇ ਬੈਠਾ।

ਤੂੰ ਪੀਵੇਂ ਤੇ ਮੈਂ ਵੀ ਪੀਵਾਂ,
ਚਾਹ ਵਿੱਚ ਮਿਸ਼ਰੀ ਘੋਲ ਕੇ ਬੈਠਾ।

ਅੱਧੋਂ ਬਹੁਤੇ ਉੱਠ ਗਏ "ਜ਼ਫ਼ਰੀ",
ਮੈਂ ਜਿਸ ਵੇਲੇ ਬੋਲ ਕੇ ਬੈਠਾ।





ਸਾਰੇ ਦਾਗ਼ ਛੁਪਾ ਆਇਆ ਵਾਂ,
ਚੰਨ 'ਤੇ ਚਾਦਰ ਪਾ ਆਇਆ ਵਾਂ।

ਕੁਤਰ ਕੇ ਯਾਦਾਂ ਵਾਲ਼ੀ ਚੁੰਨੀ,
ਅੰਬਰੀਂ ਟਾਕੀ ਲਾ ਆਇਆ ਵਾਂ।

ਅੱਜ ਨਾ ਸੂਰਜ ਉੱਗਣ ਦੇਵੀਂ,
ਪੂਰਬ ਨੂੰ ਸਮਝਾ ਆਇਆ ਵਾਂ।

ਇੱਕ ਪਾਸੇ ਦੀ ਚਾਹਤ ਸੀ ਨਾ,
ਮੈਂ ਹਰ ਸਾਂਝ ਮੁਕਾ ਆਇਆ ਵਾਂ।

ਰੁੱਖਾਂ ਉੱਤੇ ਲੀਕੇ ਹੋਏ,
ਸਾਰੇ ਹਰਫ਼ ਮਿਟਾ ਆਇਆ ਵਾਂ।

ਚੁੱਪ ਨਗਰ ਦੇ ਮੇਲੇ ਉੱਤੇ,
ਹੰਝ ਦਾ ਢੋਲ ਵਜਾ ਆਇਆ ਵਾਂ।

ਹੋਇਆ ਗੀਤ ਨਾ ਪੂਰਾ "ਜ਼ਫ਼ਰੀ",
ਅੱਧੀ ਨਜ਼ਮ ਸੁਣਾ ਆਇਆ ਵਾਂ।

## 69

ਰਲ਼-ਮਿਲ਼ ਸਾਰੇ ਹੋਲੀ ਖੇਡੋ ਸਾਡਾ ਲਹੂ ਪਚਕਾਰੋ,
ਢੋਰਾਂ ਡੰਗਰਾਂ ਖ਼ਾਤਰ ਬੋਲੋ ਇਨਸਾਨਾਂ ਨੂੰ ਮਾਰੋ।

ਸਿਖ਼ਰ ਦੁਪਹਿਰੇ 'ਨ੍ਹੇਰੇ ਵੰਡੋ ਸੂਰਜ ਅੰਨ੍ਹਾ ਕਰਕੇ,
ਜਦ ਵੀ ਜਿੱਥੇ ਦਿਲ ਕਰਦਾ ਏ ਜ਼ੁਲਮ ਦੀ ਰਾਤ ਪਸਾਰੋ।

ਅੱਗਾਂ ਲਾਵਣ ਵਾਲ਼ੇ ਇੱਥੇ ਬਾਲਣ ਹੁੰਦੇ ਵੇਖੇ,
ਜਿੰਨਾ ਆਪੇ ਸਹਿ ਸਕਦੇ ਓ ਓਨਾ ਕਹਿਰ ਗੁਜ਼ਾਰੋ।

ਇੱਕ ਦਿਨ ਉੱਚੇ ਹੋ ਜਾਵਣਗੇ ਇਨਸਾਫ਼ਾਂ ਦੇ ਝੰਡੇ,
ਖ਼ਾਕ ਨਸ਼ੀਨੀ ਕਰਨੀਂ ਪੈਣੀ ਜਬਰ ਦਿਓ ਸਰਕਾਰੋ।

ਸੁੱਤੇ ਤੇ ਮੋਏ ਵਿੱਚ ਕੋਈ ਬਹੁਤਾ ਫ਼ਰਕ ਨਈਂ ਹੁੰਦਾ,
ਹੁਣ ਵੀ ਜੇ ਨਾ ਜਾਗੇ "ਜ਼ਫ਼ਰੀ" ਮਰ ਜਾਵਾਂਗੇ ਯਾਰੋ।



## 70

ਸੱਪ ਹਿਜਰ ਦੇ ਡੱਸਿਆ ਬਚਣਾ ਔਖਾ ਏ,
ਜ਼ਹਿਰ ਲਹੂ ਵਿੱਚ ਰਚਿਆ ਬਚਣਾ ਔਖਾ ਏ।

ਅੱਧੀ ਰਾਤ ਸ਼ਿਕਾਰੀ ਜਾਲ ਵਿਛਾਇਆ ਏ,
ਜਿਹੜਾ ਪੰਛੀ ਫਸਿਆ ਬਚਣਾ ਔਖਾ ਏ।

ਖ਼ੁਸ਼ੀਆਂ ਤੇ ਪਾਬੰਦੀ ਸੀ ਪਰ ਮੈਂ ਕਮਲਾ,
ਰੋਵਣ ਦੀ ਥਾਂ ਹੱਸਿਆ ਬਚਣਾ ਔਖਾ ਏ।

ਝੁੱਗਾ ਬੱਦਲੀ ਗੱਜਣ ਤੇ ਵੀ ਕੰਬਿਆ ਏ,
ਜੇਕਰ ਬੱਦਲ ਵੱਸਿਆ ਬਚਣਾ ਔਖਾ ਏ।

ਚਿੱਠੀ ਅੰਦਰ ਜ਼ਿਕਰ ਸੀ ਟੁੱਟਦੇ ਸਾਹਵਾਂ ਦਾ,
ਪੜ੍ਹਦੇ ਸਾਰ ਮੈਂ ਨੱਸਿਆ ਬਚਣਾ ਔਖਾ ਏ।

ਮੂੰਹੋਂ ਭਾਵੇਂ ਢੇਰ ਦਿਲਾਸੇ ਦਿੱਤੇ ਸੂ,
ਅੱਖ ਤਬੀਬ ਦੀ ਦੱਸਿਆ ਬਚਣਾ ਔਖਾ ਏ।

ਇਹੋ ਨਜ਼ਰੀ ਆਵੇ ਅੰਤ ਕਹਾਣੀ ਦਾ,
"ਜ਼ਫ਼ਰੀ" ਭਾਂਬੜ ਮਚਿਆ ਬਚਣਾ ਔਖਾ ਏ।

## 71

ਮੇਰਾ ਦੌਰ ਨਵਾਂ ਏ ਕਾਹਨੂੰ ਲਿਖਾਂ ਗੀਤ ਪੁਰਾਣੇ,
ਅੱਖਰਾਂ ਦੀ ਭੱਠੀ ਦੇ ਉੱਤੇ ਭੁੱਖ ਦੇ ਭੁੰਨਾਂ ਦਾਣੇ।

ਜੇ ਰੱਬ ਸੱਚੇ ਸ਼ਾਹਾ ਤੇਰੀ ਅੱਖ ਤੋਂ ਪਰਦਾ ਲਾਹਿਆ,
ਢਿੱਡ ਦੇ ਉੱਤੇ ਮੁੱਕੀਆਂ ਮਾਰ ਕੇ ਪਿੱਟਦੇ ਵੇਖ ਨਿਆਣੇ।

ਉਸ ਬਸਤੀ ਨੂੰ ਲੰਡੇ-ਲੂਲੇ ਲੁੱਟ-ਪੁੱਟ ਕੇ ਨੱਠ ਜਾਂਦੇ,
ਜਿਸ ਬਸਤੀ ਦੇ ਰਾਖੇ ਹੋਵਣ ਬੋਲੇ ਅੰਨ੍ਹੇ ਕਾਣੇ।

ਗ਼ੈਰਤਮੰਦ ਦਾ ਜੀਣਾ ਮਰਨਾ ਨਾਲ਼ ਅਣਖ ਦੇ ਹੋਵੇ,
ਜਿਸ ਨੇ ਫਾਹੇ ਲੱਗਣਾ ਹੋਵੇ ਭਰਦਾ ਨਈਂ ਜੁਰਮਾਨੇ।

ਜੇਕਰ ਕਿਸਮਤ ਮਾੜੀ ਹੋਵੇ ਪੱਕੀਆਂ ਤੇ ਮੀਂਹ ਵਸਦਾ,
ਸਿੱਟਿਆਂ ਅੰਦਰ ਪੁੰਗਰ ਪੈਂਦੇ ਬਿਨ ਮੌਸਮ ਤੋਂ ਦਾਣੇ।

ਨਾਲ਼ ਹਵਾਵਾਂ ਡਿੱਗੀ ਅੰਬੀਂ ਤੂੜੀ ਵਿੱਚ ਮੈਂ ਦੱਬੀ,
ਜੇ ਤੈਨੂੰ ਇਹ ਚੋਰੀ ਜਾਪੇ ਲੈ ਜਾ ਮੈਨੂੰ ਥਾਣੇ।

ਮੇਰੇ ਅੰਦਰ ਮੈਂ ਦਾ ਬੂਟਾ ਅੱਜ ਤੀਕਰ ਨਈਂ ਸੁੱਕਿਆ,
ਜਿਸਰਾਂ ਰੱਬ ਦੇ ਹੁੰਦਿਆਂ ਜੱਗ 'ਤੇ ਕਾਇਮ ਨੇ ਬੁੱਤ-ਖ਼ਾਨੇ।

ਹੋਏ ਬਾਲ ਯਤੀਮ "ਜ਼ਫ਼ਰ" ਹਮਸਾਏ ਰੋਟੀ ਘੱਲੀ,
ਫੂਹੜੀ ਚੁੱਕਦੇ ਸਾਰ ਈ ਹੋ ਗਏ ਰਿਸ਼ਤੇਦਾਰ ਬਿਗ਼ਾਨੇ।



## 72

ਇਲਮ ਦੇ ਮੋਤੀ ਫ਼ਿਕਰ ਦੀ ਡੋਰੀ ਦੇ ਵਿੱਚ ਆਪਾਂ ਜੜਦੇ ਨਈਂ,
ਕੁੰਦਨ ਹੋਣਾ ਚਾਹੁੰਦੇ ਹਾਂ ਪਰ ਭੱਠੀ ਦੇ ਵਿੱਚ ਸੜਦੇ ਨਈਂ।

ਨਿੱਕੀ ਨਿੱਕੀ ਗੱਲ ਦੇ ਉੱਤੇ ਕਤਲੋਗ਼ਾਰਤ ਕਰਦੇ ਆਂ,
ਜਿੱਥੇ ਲੜਨਾ ਲਾਜ਼ਮ ਹੋਵੇ ਓਥੇ ਕਾਹਨੂੰ ਲੜਦੇ ਨਈਂ।

ਇੱਕ ਰੋਟੀ ਦੀ ਚੋਰੀ ਉੱਤੇ ਪੈਰੀਂ ਸੰਗਲ ਬੰਨ੍ਹਦੇ ਆਂ,
ਵੱਡੇ ਮੁਜਰਮ ਛੱਡ ਦੇਂਦੇ ਆਂ ਜਾਂ ਫਿਰ ਬਿਲਕੁਲ ਫੜਦੇ ਨਈਂ।

ਜਿਹੜੇ ਬਾਹਵਾਂ ਦੇ ਵਿੱਚ ਬਾਹਵਾਂ ਪਾ ਕੇ ਅਕਸਰ ਮਿਲਦੇ ਸੀ,
ਲੋੜ ਪਈ ਤੇ ਝੂਠੇ ਮੂੰਹੋਂ ਨਾਲ਼ ਅਸਾਡੇ ਖੜ੍ਹਦੇ ਨਈਂ।

ਅਣਖ਼ਾਂ ਵਾਲੇ ਇੱਜ਼ਤਾਂ ਉੱਤੋਂ ਵਾਰ ਹਯਾਤੀ ਦਿੰਦੇ ਨੇ,
ਤੇਰੇ ਵਾਂਙੂ ਕਰ ਤਕਰੀਰਾਂ ਘੁਰਨੇ ਦੇ ਵਿੱਚ ਵੜਦੇ ਨਈਂ।

ਬਾਝ ਮੁਸ਼ੱਕਤਾਂ ਦੁਨੀਆ ਉੱਤੇ ਕਿਸੇ ਨਾ ਮੰਜ਼ਲ ਪਾਈ ਏ,
ਜੇ ਨਾ ਧੁੱਪਾਂ ਲੱਗੀਆਂ ਹੋਵਣ "ਜ਼ਫ਼ਰੀ" ਮੁੰਜੀ ਛੜਦੇ ਨਈਂ।

## 73

ਭੇਦ ਸਮੇਂ ਦੇ ਕਿਸਰਾਂ ਖੁੱਲ੍ਹਦੇ,
ਜੇਕਰ ਰਾਹਵਾਂ ਵਿੱਚ ਨਾ ਰੁਲਦੇ।

ਦੂਰ ਵਤਨ ਤੋਂ ਵਸਣਾ ਐਵੇਂ,
ਜਿਉਂ ਪਾਣੀ ਵਿੱਚ ਮੁਰਦੇ ਫੁੱਲਦੇ।

ਅਪਣੇ ਰੋਣੇ ਭੁੱਲ ਜਾਵੇਂਗਾ,
ਜੇ ਤੂੰ ਦੁਖੜੇ ਸੁਣ ਲਏ ਕੁੱਲ ਦੇ।

ਸਕਿਆਂ ਮੈਥੋਂ ਮੁੱਖ ਪਰਤਾਇਆ,
ਜਿੰਵ ਪੜ੍ਹਾਕੂ ਵਰਕੇ ਥੁਲਦੇ।

ਖਾਣਾ ਪੀਣਾ ਭੁੱਲ ਸਕਨਾਂ ਵਾਂ,
ਮੈਨੂੰ ਮੇਰੇ ਯਾਰ ਨਈਂ ਭੁੱਲਦੇ।

ਲੋਏ-ਲੋਏ ਘਰ ਮੁੜ ਆਉਂਦੀ,
ਜੇ ਜੱਟੀ ਦੇ ਬੇਰ ਨਾ ਡੁੱਲ੍ਹਦੇ।

"ਜ਼ਫ਼ਰੀ" ਤੂੰ ਤੇ ਸ਼ੈਅ ਈ ਕੁਝ ਨਈਂ,
ਯੂਸਫ਼ ਵਰਗੇ ਹੱਟੀਂ ਤੁੱਲਦੇ।



## 74

ਤੂੰ ਇਹ ਸਾਡਾ ਯਾਰ ਵੇ ਬੀਬਾ,
ਤੂੰ ਤੇ ਸੱਟ ਨਾ ਮਾਰ ਵੇ ਬੀਬਾ।

ਜਿਹੜੇ ਛੱਲਾਂ ਕੋਲ਼ੋਂ ਡਰਦੇ,
ਉਹ ਨਈਂ ਲੰਘਦੇ ਪਾਰ ਵੇ ਬੀਬਾ।

ਮੰਜ਼ਲ 'ਤੇ ਅੱਖ ਰੱਖਣ ਵਾਲ਼ੇ,
ਮੰਨਦੇ ਨਾਹੀਂ ਹਾਰ ਵੇ ਬੀਬਾ।

ਪਾਗਲ ਹੋ ਕੇ ਮਰਦੇ ਨੇ ਉਹ,
ਖਾਵਣ ਜੋ ਮੁਰਦਾਰ ਵੇ ਬੀਬਾ।

ਤੇਰੀ ਤੱਕਣੀ ਵਿੱਚੋਂ ਪੜ੍ਹਿਆ,
ਮੈਂ ਤੇਰਾ ਕਿਰਦਾਰ ਵੇ ਬੀਬਾ।

ਜੇਕਰ ਵੱਡਾ ਦੁੱਖ ਨਾ ਹੋਵੇ,
ਜੀਵਨ ਦੇ ਦਿਨ ਚਾਰ ਵੇ ਬੀਬਾ।

ਹੁਣ ਨਈਂ ਮੰਗਦੀ ਜ਼ੇਵਰ ਤੈਥੋਂ,
ਵਾਪਸ ਆਜਾ ਘਾਰ ਵੇ ਬੀਬਾ।

## 75

ਆਪਾਂ ਤੈਨੂੰ ਦੱਸਣਾ ਭੁੱਲ ਗਏ,
ਤੇਰੇ ਬਾਝੋਂ ਹੱਸਣਾ ਭੁੱਲ ਗਏ।

ਐਨੇ ਧੱਕੇ ਖਾ ਬੈਠੇ ਆਂ,
ਆਪਾਂ ਇੱਕ ਥਾਂ ਵੱਸਣਾ ਭੁੱਲ ਗਏ।

ਬਸਤੀ ਵਿੱਚ ਜਦ ਭਾਂਬੜ ਮਚਿਆ,
ਮੇਰੇ ਵਰਗੇ ਨੱਸਣਾ ਭੁੱਲ ਗਏ।

ਯਾਦ ਤਿਰੀ ਨੇ ਮੰਤਰ ਪੜ੍ਹਿਆ,
ਨਾਗ ਹਿਜਰ ਦੇ ਡੱਸਣਾ ਭੁੱਲ ਗਏ।

ਨਫ਼ਰਤ ਜ਼ਿਮੀਂ ਬੰਜਰ ਕੀਤੀ,
ਪਿਆਰ ਦੇ ਬੱਦਲ ਵੱਸਣਾ ਭੁੱਲ ਗਏ।

ਸਫ਼ਰੇ ਪੈਣ ਤੋਂ ਪਹਿਲੇ "ਜ਼ਫ਼ਰੀ",
ਰਾਹੀ ਲੱਕ ਨੂੰ ਕੱਸਣਾ ਭੁੱਲ ਗਏ।



## 76

ਕੱਖਾਂ ਵਾਂਙੂੰ ਰੋਲ ਨਾ ਮਾਹੀ,
ਬੁੱਝੀ ਅੱਗ ਨੂੰ ਫੋਲ ਨਾ ਮਾਹੀ।

ਉਸਨੇ ਹਾਰ ਸ਼ਿੰਗਾਰ ਕੀ ਕਰਨਾ,
ਜਿਸ ਦਾ ਹੋਵੇ ਕੋਲ ਨਾ ਮਾਹੀ।

ਅੱਖਾਂ ਸਾਹਵੇਂ ਬੈਠਾ ਰਹਿ ਤੂੰ,
ਮੂੰਹੋਂ ਭਾਵੇਂ ਬੋਲ ਨਾ ਮਾਹੀ।

ਯਾਰ ਦਾ ਇੱਕ ਇੱਕ ਅੰਗ ਖਜ਼ਾਨਾ,
ਪਿਆਰ ਦਾ ਕੋਈ ਮੋਲ ਨਾ ਮਾਹੀ।

ਕੰਡਾ ਤੇਰਾ ਟੁੱਟ ਜਾਵੇਗਾ,
ਇਸ਼ਕ ਦਾ ਪਲੜਾ ਤੋਲ ਨਾ ਮਾਹੀ।

ਤੇਰੇ ਪਿੱਛੇ ਟੁਰ ਪਾਂ ਕਿਸਰਾਂ,
ਨਾ ਤੂੰ ਮੇਰਾ ਢੋਲ ਨਾ ਮਾਹੀ।

ਗ਼ੈਰਾਂ ਅੱਗੇ ਭੇਦ ਅਜੇ ਤੱਕ,
ਖੁੱਲ੍ਹਿਆ ਨਈਂ ਤੇ ਖੋਲ੍ਹ ਨਾ ਮਾਹੀ।

## 77

ਸੁੱਕੇ ਰੁੱਖ ਹਿਲਾਏ ਕੌਣ,
ਸਾਹ ਦੀ ਬੀਨ ਵਜਾਏ ਕੌਣ।

ਸੱਧਰਾਂ ਦੇ ਦਰਵਾਜ਼ੇ 'ਤੇ,
ਆਸ ਦਾ ਦੀਪ ਜਲਾਏ ਕੌਣ।

ਹਰ ਥਾਂ ਸੋਗ ਸਿਆਪੇ ਨੇ,
ਖ਼ੁਸ਼ੀਆਂ ਮੋੜ ਲਿਆਏ ਕੌਣ।

ਦੁਨੀਆ ਮੁਰਦਾਖਾਨਾ ਏ,
ਲਾਸ਼ ਮਿਰੀ ਦਫ਼ਨਾਏ ਕੌਣ।

ਜਿੱਤ ਲਈ ਹਾਰ ਜ਼ਰੂਰੀ ਏ,
ਢੱਠਿਆਂ ਨੂੰ ਸਮਝਾਏ ਕੌਣ।

ਸਾਡਾ ਖ਼ਿਜ਼ਰ ਖੜ੍ਹੀਚ ਗਿਆ,
ਸਾਨੂੰ ਰਾਹੇ ਪਾਏ ਕੌਣ।

"ਜ਼ਫ਼ਰੀ" ਨਾਲ਼ ਜੋ ਕੱਟਿਆ ਸੀ,
ਉਹ ਵੇਲ਼ਾ ਪਰਤਾਏ ਕੌਣ।

(ਖ਼ਿਜ਼ਰ - ਪੈਗੰਬਰ ਮੂਸਾ ਦੇ ਉਸਤਾਦ ਦਾ ਨਾਂ, ਖੜ੍ਹੀਚ - ਗੁਆਚ)



## 78

ਅੱਖਰਾਂ ਨਾਲ਼ ਕਾਹਦਾ ਵੈਰ ਚੰਨਾ,
ਸ਼ਿਅਰਾਂ 'ਚੋਂ ਕੱਢਦੇ ਜ਼ਹਿਰ ਚੰਨਾ।

ਤੂੰ ਗ਼ਜ਼ਲਾਂ ਦੇ ਵਿੱਚ ਸ਼ਾਮ ਕਰੇ,
ਨਜ਼ਮਾਂ ਦੇ ਨਾਲ਼ ਦੁਪਹਿਰ ਚੰਨਾ।

ਜੋ ਫ਼ੇਲੁਨ ਫ਼ੇਲੁਨ ਕਰਨਾ ਏਂ,
ਸੜ ਜਾਵੇ ਤੇਰੀ ਬਹਿਰ ਚੰਨਾ।

ਜਦ ਜ਼ਿਕਰ ਕਰੇ ਤੂੰ ਵਿਛੜਨ ਦਾ,
ਜਿੰਦੜੀ 'ਤੇ ਢਾਵੇ ਕਹਿਰ ਚੰਨਾ।

ਮੈਂ ਸਜਦੇ ਓਥੇ ਕਰਦੀ ਆਂ,
ਤੂੰ ਰੱਖੇ ਜਿੱਥੇ ਪੈਰ ਚੰਨਾ।

ਦਿਲ ਏਹੋ ਸੋਚ ਕੇ ਸੜਦਾ ਏ,
ਤੂੰ ਸਮਝੇਂ ਮੈਨੂੰ ਗ਼ੈਰ ਚੰਨਾ।

ਮੈਂ ਹਰ ਇੱਕ ਸਾਹ ਵਿੱਚ ਮੰਗਦੀ ਆਂ,
ਸ਼ਾਇਰ "ਜ਼ਫ਼ਰੀ" ਦੀ ਖ਼ੈਰ ਚੰਨਾ।

## 79

ਭੁੱਲਣਹਾਰ ਨੂੰ ਰਾਹੇ ਪਾ ਦੇ,
ਰੱਬਾ ਸੋਹਣੇ ਨਾਲ਼ ਮਿਲਾ ਦੇ।

ਵੱਸੇ ਤੇਰਾ ਖ਼ਾਨਾ ਕਾਅਬਾ,
ਚੰਨ ਮਾਹੀ ਦੀ ਦੀਦ ਕਰਾ ਦੇ।

ਯਾਰ ਦੇ ਪੈਰ ਪਵਾ ਕੇ ਵਿਹੜੇ,
ਮੇਰਾ ਖ਼ਾਲੀ ਘਰ ਸਜਾ ਦੇ।

ਪੀੜ ਇਸ਼ਕ ਦੀ ਦਿਲ ਵਿੱਚ ਪਾ ਕੇ,
ਮੇਰੇ ਸਾਰੇ ਦਰਦ ਮਿਟਾ ਦੇ।

ਜੁੱਸੇ ਅੰਦਰ ਜਗ ਮਗ ਹੋਵੇ,
ਸੀਨੇ ਦੇ ਵਿੱਚ ਭਾਂਬੜ ਲਾ ਦੇ।

ਜੋ ਵਿਹੜੇ ਵਿੱਚ ਕੰਧਾਂ ਪਾਏ,
ਰੱਬਾ ਐਸੀ ਲੀਕ ਨੂੰ ਢਾਹ ਦੇ।



## 80

ਛੱਡੇ ਤਖਤ ਹਜ਼ਾਰੇ ਹੀਰੇ,
ਬੈਠਾ ਆਣ ਦਵਾਰੇ ਹੀਰੇ।

ਸ਼ਾਲਾ ਹਸ਼ਰਾਂ ਤੀਕਰ ਤੇਰੇ,
ਵੱਸਦੇ ਰਹਿਣ ਚੁਬਾਰੇ ਹੀਰੇ।

ਤਰਸਣ ਤੇਰੀ ਦੀਦ ਨੂੰ ਅੱਖੀਆਂ,
ਰੋਵਣ ਨੈਣ ਵਿਚਾਰੇ ਹੀਰੇ।

ਅੰਬਰਾਂ 'ਤੇ ਜਦ ਚੰਨ ਨਾ ਆਵੇ,
ਸੌਂਦੇ ਨਾਹੀਂ ਤਾਰੇ ਹੀਰੇ।

ਓਹੋ ਆਸ਼ਕ ਮੰਜ਼ਲ ਪਾਉਂਦੇ,
ਇਸ਼ਕੇ ਨੇ ਜੋ ਮਾਰੇ ਹੀਰੇ।

ਤੇਰੀ ਖ਼ਾਤਰ ਕਾਮਾ ਬਣਿਆ,
ਜੱਟ ਨੇ ਡੰਗਰ ਚਾਰੇ ਹੀਰੇ।

ਫ਼ਸਲੀ ਆਸ਼ਕ "ਜ਼ਫ਼ਰੀ" ਵਰਗੇ,
ਤੇਰੇ ਸਿਰ ਤੋਂ ਵਾਰੇ ਹੀਰੇ।

## 81

ਦਾਗ਼ ਪੁਰਾਣੇ ਕੱਜ ਨਾ ਸਕਿਆ,
ਅਪਣੇ ਆਪ ਤੋਂ ਭੱਜ ਨਾ ਸਕਿਆ।

ਵਾਂਗ ਤਰੇਲਾਂ ਗਾ ਤੇ ਬੈਠਾ,
ਬੱਦਲ਼ਾਂ ਵਾਂਗੂੰ ਗੱਜ ਨਾ ਸਕਿਆ।

ਭੁੱਖ ਨੇ ਮੈਥੋਂ ਦੇਸ ਛੁਡਾਇਆ,
ਅੱਜ ਤੀਕਰ ਮੈਂ ਰੱਜ ਨਾ ਸਕਿਆ।

ਮੈਂ ਕੋਝਾ ਮੈਂ ਕਮਲਾ ਸਾਈਂ,
ਸਿੱਖ ਕੋਈ ਵੀ ਚੱਜ ਨਾ ਸਕਿਆ।

ਮਿੱਟੀ ਦੇ ਵਿੱਚ ਹੋਇਆ ਮਿੱਟੀ,
ਵਾਂਗ ਮਜ਼ਾਰਾਂ ਸੱਜ ਨਾ ਸਕਿਆ।

ਹਰਫ਼ ਕਮਾਨ "ਜ਼ਫ਼ਰ" ਨੇ ਤਾਣੀ,
ਤੀਰ ਨਿਸ਼ਾਨੇ ਵੱਜ ਨਾ ਸਕਿਆ।



## 82

ਫ਼ਿਕਰਾਂ ਦੀ ਗਲ਼ ਕਫ਼ਨੀ ਸੀਤੀ,
ਬਾਬੁਲ ਘਰ ਦੀ ਰਾਖੀ ਕੀਤੀ।

ਜੰਨਤ ਘਰ 'ਚੋਂ ਕੱਢ ਕੇ ਲੋਕੀਂ,
ਲੱਭਣ ਬਿਸ਼ਤਾ ਬੈਠ ਮਸੀਤੀ।

ਬੇਸ਼ਰਮੀ ਦਾ ਨਲਕਾ ਗੇੜਨ,
ਗ਼ੈਰਤ ਘੋਲ਼ ਕਿਸੇ ਨਾ ਪੀਤੀ।

ਫੁੱਲਾਂ ਵਾਂਙੂੰ ਪਾਲਣ ਵਾਲੇ,
ਹੋ ਜਾਂਦੇ ਨੇ ਫੀਤੀ-ਫੀਤੀ।

ਅਨਹੋਣੀ ਨੂੰ ਹੋਣੀ ਕਰਕੇ,
ਆਖਣ ਹੋਣੀ ਸੀ ਜੋ ਬੀਤੀ।

ਮਾਂ ਦੇ ਲੀੜੇ ਧੋ ਕੇ "ਜ਼ਫ਼ਰੀ",
ਕਰ ਲੈ ਅਪਣੀ ਪਾਕ ਪਲੀਤੀ।

(ਬਿਸ਼ਤਾਂ – ਸਵਰਗ)

## 83

ਜੀਅ ਕਰਦਾ ਏ ਕੋਲ ਬਿਠਾਵਾਂ,
ਯਾਰ ਨੂੰ ਦਿਲ ਦਾ ਹਾਲ ਸੁਣਾਵਾਂ।

ਦਰਦਾਂ ਨਾਲ ਪ੍ਰੀਤ ਪੁਰਾਣੀ,
ਕਿਸਰਾਂ ਗੀਤ ਖ਼ੁਸ਼ੀ ਦੇ ਗਾਵਾਂ।

ਹੰਝੂਆਂ ਦੇ ਹਥਿਆਰ ਬਣਾ ਕੇ,
ਲੇਖਾਂ ਦੇ ਨਾਲ ਲੜਦੀਆਂ ਮਾਵਾਂ।

ਚੁੱਪ ਦੀ ਚਾਪ ਸੁਣਾਈ ਦੇਵੇ,
ਚੀਕਾਂ ਮਾਰਨ ਖ਼ਾਲੀ ਥਾਵਾਂ।

ਜੇ ਆਖੇ ਤੇ ਫੇਰ ਇੱਕ ਵਾਰੀ,
ਦਿਲ ਦੀ ਉੱਜੜੀ ਝੋਕ ਵਸਾਵਾਂ।

ਜੇ ਅੱਜ ਖੂਹ 'ਤੇ ਆਵੇਂ ਭਲੀਏ,
ਤੈਨੂੰ ਮਿੱਠੇ ਤੂਤ ਖੁਆਵਾਂ।

ਪੈਰੀਂ ਝਾਂਜਰ ਪਾ ਕੇ "ਜ਼ਫ਼ਰੀ",
ਦਰ ਮੁਰਸ਼ਦ ਦੇ ਨੱਚਦਾ ਜਾਵਾਂ।

(ਚਾਪ – ਚੱਲਣ ਦੀ ਅਵਾਜ਼, ਝੋਕ – ਬਸਤੀ)



## 84

ਜਿਸ ਦੇ ਦਿਲ ਵਿੱਚ ਸ਼ਰ ਨਈਂ ਹੁੰਦਾ,
ਉਹਨੂੰ ਜਗ ਦਾ ਡਰ ਨਈਂ ਹੁੰਦਾ।

ਦੁੱਖ-ਸੁੱਖ ਸਾਂਝੇ ਹੋਵਣ ਨਾ ਤੇ,
ਕੰਧਾਂ ਕੋਠੇ ਘਰ ਨਈਂ ਹੁੰਦਾ।

ਜਿੱਥੋਂ ਸਾਇਲ ਖ਼ਾਲੀ ਜਾਵਣ,
ਉਹ ਸਖ਼ੀਆਂ ਦਾ ਦਰ ਨਈਂ ਹੁੰਦਾ।

ਇਸ਼ਕ ਦੀ ਖੇਡ ਨਾ ਖੇਡੀਂ ਯਾਰਾ,
ਜੇਕਰ ਤੈਥੋਂ ਹਰ ਨਈਂ ਹੁੰਦਾ।

ਸਾਹਵਾਂ ਦੀ ਪੰਡ ਚੁੱਕਣੀ ਪੈਂਦੀ,
ਆਈ ਤੋਂ ਬਿਨ ਮਰ ਨਈਂ ਹੁੰਦਾ।

ਨਹਿਰੋਂ ਪਾਰ ਜੇ ਯਾਰ ਨਾ ਦਿਸੇ,
ਪੁੱਠੇ ਪਾਣੀ ਤਰ ਨਈਂ ਹੁੰਦਾ।

ਹੁਣ ਤੇ ਮੋੜ ਮੁਹਾਰਾਂ ਢੋਲਾ,
ਹੁਣ "ਜ਼ਫ਼ਰੀ" ਤੋਂ ਜਰ ਨਈਂ ਹੁੰਦਾ।

(ਸ਼ਰ – ਸ਼ਰਾਰਤ, ਸਾਇਲ – ਸਵਾਲੀ, ਸਖ਼ੀਆਂ – ਦਾਨੀਆਂ)

## 85

ਕਮਜ਼ਰਫ਼ਾਂ ਦੀ ਯਾਰੀ ਵੇਖੀ,
ਖੂਹਾਂ ਦੇ ਵਿੱਚ ਬਾਰੀ ਵੇਖੀ।

ਲੋਕੀਂ ਧੁੱਪੇ ਤੁਰਦੇ ਵੇਖੇ,
ਖ਼ਾਲੀ ਜਾਂਦੀ ਲਾਰੀ ਵੇਖੀ।

ਅੱਥਰੂ ਕੂੜੇ ਹਾਸੇ ਝੂਠੇ,
ਦੁਨੀਆ ਦੀ ਫ਼ਨਕਾਰੀ ਵੇਖੀ।

ਰੰਗ ਪਰਾਏ ਨਕਲੀ ਧਾਗੇ,
ਅੱਖਰਾਂ ਦੀ ਫੁਲਕਾਰੀ ਵੇਖੀ।

ਅੱਖ ਵਿੱਚ ਅੱਥਰੂ ਦਿਲ ਵਿੱਚ ਪੀੜਾਂ,
ਦਿਲਬਰ ਦੀ ਦਿਲਦਾਰੀ ਵੇਖੀ।

ਚੀਚੀ ਫੜ ਕੇ ਤੁਰਦੇ ਸੀ ਜੋ,
ਅੰਬਰੋਂ ਪਾਰ ਸਵਾਰੀ ਵੇਖੀ।

ਨਫ਼ਰਤ ਜਗ ਦੀ ਰੀਤ "ਜ਼ਫ਼ਰ ਜੀ",
ਤੂੰ ਅੱਜ ਪਹਿਲੀ ਵਾਰੀ ਵੇਖੀ।



## 86

ਮਾਂ ਬੋਲੀ ਦਾ ਹਾਲ ਬੁਰਾ ਏ,
ਹੋਇਆ ਸਾਡੇ ਨਾਲ ਬੁਰਾ ਏ।

ਵਿੱਚ ਕਲਾਸ ਪੰਜਾਬੀ ਬੋਲਾਂ,
ਟੀਚਰ ਆਖੇ ਬਾਲ ਬੁਰਾ ਏ।

ਵਾਰਸ ਸ਼ਾਹ ਨੂੰ ਦੱਸੋ ਕੋਈ,
ਹੀਰ ਦਾ ਹਾਲ ਅਹਿਵਾਲ ਬੁਰਾ ਏ।

ਮਾਂ ਬੋਲੀ ਤੇ ਬੋਲਣ ਜਾਹਿਲ,
ਬੁਣਿਆ ਇੰਦਰਜਾਲ ਬੁਰਾ ਏ।

ਮਾਂ ਬੋਲੀ ਦੀ ਕਰਕੇ ਨਿੰਦਾ,
ਖੱਟਿਆ ਜੋ ਵੀ ਮਾਲ ਬੁਰਾ ਏ।

ਸਾਨੂੰ ਖਾਧਾ ਹਿੰਦੀ ਉਰਦੂ,
ਸਾਡਾ ਹਰ ਪੰਜਾਲ ਬੁਰਾ ਏ।

ਸ਼ਿਕਸ਼ਾ ਵਿਚ ਪੰਜਾਬੀ ਮੰਗਾਂ,
ਕਹਿਣ 'ਜ਼ਫ਼ਰ" ਜੰਜਾਲ ਬੁਰਾ ਏ।

## 87

ਮੈਂ ਗੀਤ ਵਫ਼ਾ ਦੇ ਗਾਵਾਂਗਾ,
ਮੈਂ ਨੱਚ ਕੇ ਯਾਰ ਮਨਾਵਾਂਗਾ।

ਇਸ਼ਕੇ ਦੇ ਖ਼ੂਹ ਦਾ ਪਾਣੀ ਆਂ,
ਨਫ਼ਰਤ ਦੀ ਪਿਆਸ ਬੁਝਾਵਾਂਗਾ।

ਜਿਸ ਭਾਂਡੇ ਦੇ ਵਿੱਚ ਪਾਓਗੇ,
ਉਹਦੇ ਵਰਗਾ ਹੋ ਜਾਵਾਂਗਾ।

ਮੈਂ ਅਪਣੇ ਆਪ ਨੂੰ ਮਿਲਣਾ ਏ,
ਮੈਂ ਅਪਣਾ ਆਪ ਸਜਾਵਾਂਗਾ।

ਹੁਣ ਭਾਵੇਂ ਗਾਟਾ ਲੱਥ ਜਾਵੇ,
ਮੈਂ ਕੀਤੇ ਕੌਲ ਨਿਭਾਵਾਂਗਾ।

ਜਿਸ ਨੀਂਹ ਵਿੱਚ ਖ਼ੂਨ ਗ਼ਰੀਬਾਂ ਦਾ,
ਉਹ ਮਹਿਲ ਮਨਾਰੇ ਢਾਵਾਂਗਾ।

ਹਰ ਇੱਕ ਨੂੰ ਅਪਣਾ ਕਹਿੰਦਾ ਏ,
ਮੈਂ "ਜ਼ਫ਼ਰੀ" ਨੂੰ ਸਮਝਾਵਾਂਗਾ।



## 88

ਮੈਂ ਤੇ ਮੁੱਕੀ ਝੋਰੇ-ਝੋਰੇ,
ਕੈਸੇ ਲੇਖ ਖ਼ੁਦਾ ਨੇ ਟੋਰੇ।

ਲਾਲਾਂ ਨਾਲ਼ੋਂ ਸੁੱਚੇ ਮੋਤੀ,
ਉਮਰਾਂ ਦੇ ਮੈਂ ਖ਼ੂਹ ਵਿੱਚ ਖੋਰੇ।

ਪਹਿਲੋਂ ਮੇਰੇ ਪੇਕੇ ਮੁੱਕੇ,
ਬਾਅਦੋਂ ਮੁੱਕੇ ਮੇਰੇ ਸਹੁਰੇ।

ਪੁੱਤਰਾਂ ਮੈਨੂੰ ਘਰ 'ਚੋਂ ਕੱਢਿਆ,
ਨਿਕਲੇ ਮੇਰੇ ਸੁਫ਼ਨੇ ਕੋਰੇ।

ਜੰਨਤ ਪੈਰੀਂ ਰੱਖ ਕੇ ਸੋਹਣਾ,
ਰੱਬ ਵੀ ਮੈਨੂੰ ਭੁੱਲਿਆ ਖੌਰੇ।

"ਜ਼ਫ਼ਰੀ" ਵਰਗਾ ਹੀਰਾ ਜੰਮਦੀ,
ਜੇ ਮੈਂ ਜੱਗ ਤੇ ਆਂਦੀ ਦੋਹਰੇ।

89

ਮਿੱਟੀ ਨੂੰ ਜਦ ਰੋਣਾ ਮਿੱਟੀ,
ਮਿੱਟੀ ਅੰਦਰ ਹੋਣਾ ਮਿੱਟੀ।

ਮਿੱਟੀ ਦੇ ਸਭ ਘੁੱਗੂ ਘੋੜੇ,
ਮਿੱਟੀ ਖੇਡ ਖਿਡੌਣਾ ਮਿੱਟੀ।

ਮਸ਼ਰਕ ਮਿੱਟੀ ਮਗ਼ਰਬ ਮਿੱਟੀ,
ਧਰਤੀ ਦਾ ਹਰ ਕੋਨਾ ਮਿੱਟੀ।

ਅਪਣੇ ਮਿੱਟੀ ਗ਼ੈਰ ਵੀ ਮਿੱਟੀ,
ਮਿੱਟੀ ਘਾਰ ਪਰਾਉਣਾ ਮਿੱਟੀ।

ਮਿੱਟੀ ਮਿੱਟੀ ਕੋਲ਼ੋਂ ਨੱਠੇ,
ਮਿੱਟੀ ਨਾਲ਼ ਖਲੋਣਾ ਮਿੱਟੀ।

ਪਾਕ ਨਬੀ ਦਾ ਕਲਮਾ ਪੜ੍ਹ ਕੇ,
ਮਿੱਟੀ ਨੂੰ ਅੱਜ ਧੋਣਾ ਮਿੱਟੀ।

ਇਸ਼ਕ ਦੀ ਭੱਠੀ ਸੜ ਕੇ "ਜ਼ਫ਼ਰੀ",
ਬਣ ਜਾਂਦੀ ਏ ਸੋਨਾ ਮਿੱਟੀ।

(ਮਸ਼ਰਕ - ਪੂਰਬ, ਮਗ਼ਰਬ - ਪੱਛਮ)



90

ਮੁਸਤਕਬਿਲ ਤੇ ਹਾਲ ਮੁਬਾਰਕ,
ਜੀਵਨ ਦਾ ਹਰ ਸਾਲ ਮੁਬਾਰਕ।

ਜੀਵਨ ਦਾ ਹਰ ਲਮਹਾ ਤੈਨੂੰ,
ਹੋਵੇ ਸੱਜਣਾਂ ਨਾਲ਼ ਮੁਬਾਰਕ।

ਦਿਨ ਵਿੱਚ ਰਾਤਾਂ ਪਾਵਣ ਵਾਲ਼ੇ,
ਜ਼ੁਲਫ਼ਾਂ ਦੇ ਸਭ ਜਾਲ ਮੁਬਾਰਕ।

ਨੀਅਤ ਸਾਫ਼ ਜੇ ਹੋਵੇ ਬੀਬਾ,
ਹੋਸਣ ਸਭ ਆਮਾਲ ਮੁਬਾਰਕ।

ਧੀ ਬਾਬਲ ਦੀ ਸੁੱਖੀ ਵੱਸੇ,
ਮਾਂ ਨੂੰ ਅਪਣੇ ਲਾਲ ਮੁਬਾਰਕ।

ਦੁਨੀਆ ਦੇ ਸਭ ਮਜ਼ਦੂਰਾਂ ਨੂੰ,
ਲੱਭੇ ਰਿਜ਼ਕ ਹਲਾਲ ਮੁਬਾਰਕ।

ਕੁਝ ਨਾ ਕੁਝ ਤੇ ਲੋਅ ਹੋਵੇਗੀ,
"ਜ਼ਫ਼ਰੀ" ਦੀਵਾ ਬਾਲ਼ ਮੁਬਾਰਕ।

(ਮੁਸਤਕਬਿਲ - ਭਵਿੱਖ, ਆਮਾਲ - ਅਮਲ ਦਾ ਬਹੁਵਚਨ)

## 91

ਰੂਹਾਂ ਦੇ ਪਾੜੇ ਵਿਕਦੇ ਨਈਂ,
ਜਦ ਅੱਥਰੂ ਹਾੜੇ ਵਿਕਦੇ ਨਈਂ।

ਸਭ ਹੈਨ ਵਪਾਰੀ ਵਸਲਾਂ ਦੇ,
ਹਿਜਰਾਂ ਦੇ ਸਾੜੇ ਵਿਕਦੇ ਨਈਂ।

ਉਹ ਵਿਕਣ ਰਾਤ ਹਨੇਰੀ ਵਿੱਚ,
ਜੋ ਦਿਨ ਦਿਹਾੜੇ ਵਿਕਦੇ ਨਈਂ।

ਮੁੱਲ ਲੱਗਦੇ ਪੱਕੀਆਂ ਫ਼ਸਲਾਂ ਦੇ,
ਜੋ ਬਾਗ਼ ਉਜਾੜੇ ਵਿਕਦੇ ਨਈਂ।

ਜਾਂਵੀਂ ਲੱਖ ਵਾਰੀ ਵਿਕ ਜਾਵਣ,
ਜੰਞਾਂ ਦੇ ਲਾੜੇ ਵਿਕਦੇ ਨਈਂ।

ਉਹ ਦੇਸ ਅਮਰ ਹੋ ਜਾਂਦਾ ਏ,
ਜਿਸ ਦੇਸ 'ਚ ਮਾੜੇ ਵਿਕਦੇ ਨਈਂ।

(ਪਾੜੇ – ਪੰਧ)



## 92

ਰੋਗ ਮਿਟਾਵਣ ਮਿੱਠੇ ਬੋਲ,
ਹਾਸੇ ਪਾਵਣ ਮਿੱਠੇ ਬੋਲ।

ਸੁਰ ਦੇ ਨਾਲ਼ ਮਿਲ਼ਾ ਕੇ ਸ਼ਿਅਰ,
ਗੀਤ ਸੁਣਾਵਣ ਮਿੱਠੇ ਬੋਲ।

ਯਾਰਾਂ ਨੂੰ ਜਦ ਮਿਲ਼ਦੇ ਯਾਰ,
ਮੇਲੇ ਲਾਵਣ ਮਿੱਠੇ ਬੋਲ।

ਅੱਖਰਾਂ ਨਾਲ਼ ਪਰੋ ਕੇ ਪਿਆਰ,
ਢੋਲੇ ਗਾਵਣ ਮਿੱਠੇ ਬੋਲ।

ਮੈਂ ਨੂੰ ਅੰਦਰ ਦੇਵਣ ਮਾਰ,
ਯਾਰ ਮਨਾਵਣ ਮਿੱਠੇ ਬੋਲ।

ਮਿਲ਼ ਬੈਠਣ ਦੇ ਹੋਣ ਵਿਚਾਰ,
ਬੋਲੇ ਸਾਵਣ ਮਿੱਠੇ ਬੋਲ।

ਸ਼ਿਅਰ "ਜ਼ਫ਼ਰ" ਦੇ ਵਿੱਚ ਬਾਜ਼ਾਰ,
ਵਿਕਦੇ ਜਾਵਣ ਮਿੱਠੇ ਬੋਲ।

## 93

ਸਭ ਦੇ ਜੀ ਨੂੰ ਜੀ ਨਾ ਹੋਵੇ,
ਇੱਜ਼ਤ ਹੁਰਮਤ ਵੀ ਨਾ ਹੋਵੇ।

ਬਾਪ ਦੀ ਕੋਈ ਰਾਹ ਨਾ ਵੇਖੇ,
ਜਿਹੜੇ ਘਰ ਵਿੱਚ ਧੀ ਨਾ ਹੋਵੇ।

ਹੋਵਣ ਈਦਾਂ ਜਾਂ ਸ਼ਬਰਾਤਾਂ,
ਵਿਹੜੇ ਰੌਣਕ ਹੀ ਨਾ ਹੋਵੇ।

ਧੀ ਨੂੰ ਪੁੱਤੋਂ ਘੱਟ ਜੋ ਆਖੇ,
ਬੰਦੇ ਦਾ ਉਹ ਬੀ ਨਾ ਹੋਵੇ।

ਧੀ ਦੀ ਅੱਖ ਜੇ ਹੋਵੇ ਗਿੱਲੀ,
ਬਾਪ ਤੋਂ ਅੱਥਰ ਪੀ ਨਾ ਹੋਵੇ।

ਗ਼ਮ ਧੀਆਂ ਦਾ ਮਾਰ ਮੁਕਾਵੇ,
ਚਾਕ ਦਿਲੇ ਦਾ ਸੀ ਨਾ ਹੋਵੇ।

ਧੀ ਦਾ ਦੁੱਖ ਨਾ ਹੋਵੇ ਰੱਬਾ,
ਤੂੰ ਚਾਹਵੇ ਤੇ ਕੀ ਨਾ ਹੋਵੇ।

(ਹੁਰਮਤ - ਸਨਮਾਨ)



## 94

ਸਾਹਵਾਂ ਨਾਲ਼ ਉਧਾਰ ਕਰਾਂਗਾ,
ਆਈ ਨਾਲ਼ ਵਪਾਰ ਕਰਾਂਗਾ।

ਮਲਕ ਉਲ ਮੌਤ ਨੂੰ ਲਾ ਕੇ ਸੀਨੇ,
ਮੌਤ ਨੂੰ ਅਪਣਾ ਯਾਰ ਕਰਾਂਗਾ।

'ਜੀ ਆਇਆਂ ਨੂੰ' ਮਾਰ ਦੇ ਗੋਲੀ,
ਕਾਤਲ ਦਾ ਸਤਿਕਾਰ ਕਰਾਂਗਾ।

ਭਾਵੇਂ ਲੀਰੋ-ਲੀਰ ਹੋ ਜਾਵਾਂ,
ਯਾਰਾਂ ਤੇ ਨਾ ਵਾਰ ਕਰਾਂਗਾ।

ਮੈਂ ਕੂੜਾਂ ਦੀ ਨਗਰੀ ਅੰਦਰ,
ਹੱਕ ਸੱਚ ਦਾ ਪ੍ਰਚਾਰ ਕਰਾਂਗਾ।

ਅਪਣੇ ਆਪ ਤੋਂ ਹਾਰ ਕੇ "ਜ਼ਫ਼ਰੀ",
ਮੈਂ ਤੇ ਹਾਰ ਦੀ ਹਾਰ ਕਰਾਂਗਾ।

## 95

ਸਾਰੇ ਖ਼ਤ ਸੰਭਾਲ਼ੇ ਸੱਜਣਾ,
ਰੋਸੇ ਤੇਰੇ ਪਾਲ਼ੇ ਸੱਜਣਾ।

ਖ਼ਾਬਾਂ ਦੀ ਮੈਂ ਰਾਖੀ ਕੀਤੀ,
ਜਿਉਂ ਹੱਥਾਂ ਦੇ ਛਾਲੇ ਸੱਜਣਾ।

ਯਾਦ ਤਿਰੀ ਨੂੰ ਰੱਖ ਸਿਰਹਾਣੇ,
ਹਿਜਰ ਦੇ ਮੌਸਮ ਟਾਲ਼ੇ ਸੱਜਣਾ।

ਸੂਲ਼ੀ ਟੰਗ ਜਾਂ ਲਾ ਲੈ ਸੀਨੇ,
ਕੀਤੀ ਜਿੰਦ ਹਵਾਲੇ ਸੱਜਣਾ।

ਚੰਨ ਤੋਂ ਸੋਹਣੇ ਮੁਖੜੇ ਅਕਸਰ,
ਦਿਲ ਦੇ ਹੁੰਦੇ ਕਾਲ਼ੇ ਸੱਜਣਾ।

ਭੁੱਲ ਦੇ ਵਾਂਗ ਭੁਲਾ ਦਿੱਤਾ ਈ,
ਦਿਲ 'ਤੇ ਲਾ ਕੇ ਤਾਲੇ ਸੱਜਣਾ।

ਮੁੰਦਰੀ ਛਾਪਾ ਛੱਲੇ "ਜ਼ਫ਼ਰੀ",
ਗ਼ੈਰਾਂ ਨਾਲ਼ ਵਟਾ ਲਏ ਸੱਜਣਾ।



## 96

ਥੋੜ੍ਹੇ ਨੂੰ ਮੰਨ ਲੈਣ ਜ਼ਿਆਦਾ,
ਹੁਣ ਨਈਂ ਲੋਕੀਂ ਇੰਨੇ ਸਾਦਾ।

ਮੰਜ਼ਲ ਉਹਦੇ ਪਿੱਛੇ ਫਿਰਦੀ,
ਜਿਸ ਦਾ ਹੋਵੇ ਨੇਕ ਇਰਾਦਾ।

ਉਹੋ ਅਸਲੀ ਯਾਰ ਕਹਾਂਦੇ,
ਜਿਹੜੇ ਪੂਰਾ ਕਰਦੇ ਵਾਦਾ।

ਖਸਮਾਂ ਕਰਕੇ ਰੁਤਬੇ ਮਿਲ਼ਦੇ,
ਹੋਵੇ ਸੀਤਾ ਭਾਵੇਂ ਰਾਧਾ।

ਜੇਕਰ ਗੋਰੀ ਨੱਚਣ ਲੱਗ ਪਏ,
ਉਹਦੇ ਲਈ ਫਿਰ ਘੁੰਡ ਵੇ ਕਾਹਦਾ।

ਜਾਤ "ਜ਼ਫ਼ਰ" ਦੀ ਮਿੱਟੀ ਲੋਕੋ,
ਮਿੱਟੀ ਦਾ ਕੀ ਘਾਟਾ ਵਾਧਾ।

## 97

ਵੇਚਣ ਨਫ਼ਰਤ ਬੋਲਣ ਮੰਦਾ,
ਮੁੱਲਾ ਪੰਡਿਤ ਕਰਦੇ ਧੰਦਾ।

ਦੋ ਸੌ ਗਜ਼ 'ਤੇ ਕੋਠੀ ਪਾ ਕੇ,
ਮਸਜਿਦ ਦੇ ਵਿੱਚ ਮੰਗਣ ਚੰਦਾ।

ਦਿਲ ਦੇ ਅੰਦਰ ਕੀਨਾਂ ਰੱਖ ਕੇ,
ਬੰਦੇ ਨੂੰ ਹੁਣ ਮਿਲ਼ਦਾ ਬੰਦਾ।

ਮੁੱਖ 'ਤੇ ਨੂਰ ਵੀ ਆ ਜਾਏਗਾ,
ਜਿਸ ਦਿਨ ਦਿਲ ਤੇ ਫਿਰਿਆ ਰੰਦਾ।

ਰਾਹ ਤੇ ਬਹੁਕਰ ਫੇਰਾ ਕਾਹਨੂੰ,
ਵਿਹੜਾ ਜੇਕਰ ਹੋਵੇ ਗੰਦਾ।

ਲੋਕੀਂ ਮਰਦੇ ਵੇਖੇ "ਜ਼ਫ਼ਰੀ",
ਲੋਭ ਦਾ ਗਲ਼ ਵਿੱਚ ਪਾ ਕੇ ਫੰਦਾ।

(ਕੀਨਾਂ – ਈਰਖਾ)



## 98

ਵਗਦੇ ਜਾਵਣ ਉਮਰਾਂ ਦੇ ਖੂਹ,
ਜੁੱਸੇ ਖਾਵਣ ਉਮਰਾਂ ਦੇ ਖੂਹ।

ਅੱਖ ਦੇ ਪਾਣੀ ਦੇ ਵਿੱਚ ਡੁੱਬ ਕੇ,
ਤਾਰੀ ਲਾਵਣ ਉਮਰਾਂ ਦੇ ਖੂਹ।

ਜਿੰਦ ਨਿਮਾਣੀ ਹਾੜੇ ਪਾਵੇ,
ਬੋਲੀ ਪਾਵਣ ਉਮਰਾਂ ਦੇ ਖੂਹ।

ਕੰਧਾਂ ਕੋਠੇ ਮਹਿਲ ਮਨਾਰੇ,
ਸਭ ਕੁਝ ਢਾਵਣ ਉਮਰਾਂ ਦੇ ਖੂਹ।

ਸੋਗ ਸਿਆਪੇ ਹਉਕੇ ਹਾਵਾਂ,
ਲੈ ਕੇ ਆਵਣ ਉਮਰਾਂ ਦੇ ਖੂਹ

ਕੁਝ ਵਸਲਾਂ ਕੁਝ ਹਿਜਰਾਂ ਵਾਲੇ,
ਗੀਤ ਸੁਣਾਵਣ ਉਮਰਾਂ ਦੇ ਖੂਹ।

ਖੂਹ ਨੈਣਾਂ ਦੇ ਗੇੜ ਕੇ "ਜ਼ਫ਼ਰੀ",
ਯਾਰ ਮਨਾਵਣ ਉਮਰਾਂ ਦੇ ਖੂਹ।

## 99

ਅੱਜ 'ਕੱਲਿਆ ਦੱਸਣੀ ਗੱਲ ਤੈਨੂੰ,
ਨਈਂ ਪਿਆਰ ਕਰਨ ਦਾ ਵਲ ਤੈਨੂੰ।

ਤੂੰ ਮੈਨੂੰ ਵੇਖ ਕੇ ਹੱਸਿਆ ਨਈਂ,
ਦੱਸ ਕੀ ਲੜਿਆ ਸੀ ਕੱਲ ਤੈਨੂੰ।

ਤੂੰ ਧੱਕੇ ਮਾਰੇ ਸਕਿਆਂ ਨੂੰ,
ਗ਼ੈਰਾਂ ਨੇ ਮਾਰੀ ਮੱਲ ਤੈਨੂੰ।

ਤੂੰ ਚੁੱਪ ਦੇ ਹਾੜ੍ਹੇ ਨਈਂ ਸੁਣਦਾ,
ਬਸ ਰਾਸ ਨੇ ਵੱਜਦੇ ਟੱਲ ਤੈਨੂੰ।

ਮੂੰਹ ਵੱਟਣ ਦਾ ਕੁਝ ਫ਼ੈਦਾ ਨਈਂ,
ਆ ਬਹਿ ਜਾ ਦੱਸੀਏ ਹੱਲ ਤੈਨੂੰ।

ਤੂੰ ਸ਼ਿਅਰ ਮਿਰੇ ਲਈ ਲਿਖੇ ਜੇ,
ਗਲ਼ ਲਾਵੇ ਫੇਰ ਗ਼ਜ਼ਲ ਤੈਨੂੰ।

ਅੱਜ ਰੀਝਾਂ ਨਾਲ਼ ਖੁਆਵਾਂਗੀ,
"ਜ਼ਫ਼ਰੀ" ਸਬਰਾਂ ਦਾ ਫਲ ਤੈਨੂੰ।

(ਫ਼ੈਦਾ – ਫ਼ਾਇਦਾ)



## 100

ਕੁਨ ਆਖ ਕਾਇਨਾਤ ਬਣਾਈ ਕਰੀਮ ਨੇ,
ਕੀ ਸੋਚ ਸਾਰੀ ਖੇਡ ਰਚਾਈ ਕਰੀਮ ਨੇ।

ਆਕਾ ਦੇ ਵਾਸਤੇ ਹੀ ਬਣਾਈ ਜ਼ਮੀਨ ਵੀ,
ਤਾਹੀਂ ਤੇ ਐਡੀ ਸੋਹਣੀ ਸਜਾਈ ਕਰੀਮ ਨੇ।

ਮੈਰਾਜ ਸੀ ਬਹਾਨਾ ਬੁਲਾਣਾ ਸੀ ਯਾਰ ਨੂੰ,
ਉਸ ਰਾਤ ਫੂਕ ਸਾੜੀ ਜੁਦਾਈ ਕਰੀਮ ਨੇ।

ਜਿਹੜਾ ਸੁਣੇ ਰਸੂਲ ਦੀ ਉਹਦੀ ਸੁਣੇ ਖ਼ੁਦਾ,
ਗੱਲ ਸਾਰੀ ਆਪ ਮੁੱਕਦੀ ਮੁਕਾਈ ਕਰੀਮ ਨੇ।

ਲਾ ਕੇ ਦਿਲੇ ਨੂੰ ਜਾਗ ਮੁਹੰਮਦ ਦੇ ਇਸ਼ਕ ਦੀ,
ਆਸ਼ਕ ਦੀ ਸ਼ਾਨ ਜੱਗ 'ਤੇ ਵਧਾਈ ਕਰੀਮ ਨੇ।

ਮੈਨੂੰ ਤੇ ਕੈਦ "ਜ਼ਫ਼ਰੀ" ਮੁਹੱਬਤ ਗਈ ਸੁਣਾ,
ਬਖ਼ਸ਼ੀ ਮਿਰੇ ਵੀ ਦਿਲ ਨੂੰ ਰਿਹਾਈ ਕਰੀਮ ਨੇ।

(ਮੈਰਾਜ – ਖ਼ੁਦਾ ਅਤੇ ਪੈਗੰਬਰ ਦੇ ਵਸਲ ਦੀ ਰਾਹ)

| | | |
|---|---|---|
| **ਨਾਂ** | : | ਜ਼ਫ਼ਰ ਅਵਾਨ |
| **ਜੰਮਣ ਭੋਇੰ** | : | ਸਿਆਲਕੋਟ ਜੰਮੂ ਸਰਹੱਦ 'ਤੇ ਸਥਿਤ ਪਿੰਡ "ਹਰਪਾਲ"। |
| **ਮੌਜੂਦਾ ਨਿਵਾਸ** | : | ਕੋਪਨਹੇਗਨ, ਡੈਨਮਾਰਕ |
| **ਜਨਮ ਮਿਤੀ** | : | 01 ਜਨਵਰੀ 1982 |
| **ਦਸਵੀਂ** | : | ਸਰਕਾਰੀ ਹਾਈ ਸਕੂਲ ਮਹਿਰਾਜਕੇ, ਸਿਆਲਕੋਟ |
| **ਐੱਫ.ਐੱਸ.ਸੀ.** | : | ਸਰਕਾਰੀ ਜਿਨਾਹ ਇਸਲਾਮੀਆ ਕਾਲਜ ਸਿਆਲਕੋਟ |
| **ਗ੍ਰੈਜੂਏਸ਼ਨ** | : | ਬੀ.ਐੱਸ.ਸੀ. ਕੰਪਿਊਟਰ ਸਾਇੰਸ। ਸੈਂਟਰਲ ਪੰਜਾਬ ਯੂਨੀਵਰਸਿਟੀ ਲਾਹੌਰ। |
| **ਮਾਸਟਰਜ** | : | ਐੱਮ.ਐੱਸ.ਸੀ. ਇਲੈਕਟ੍ਰੀਕਲ ਇੰਜੀਨੀਅਰਿੰਗ, ਬੀ.ਟੀ.ਐੱਚ. ਯੂਨੀਵਰਸਿਟੀ ਸਵੀਡਨ ਯੂਰਪ। |

**ਪੰਜਾਬੀ ਸ਼ਾਇਰੀ ਪਰਾਗੇ**

1. ਜ਼ਿਮੀਂ ਸੱਧਰਾਂ ਦੀ
2. ਉਮਰਾਂ ਦੇ ਖੂਹ
3. ਕੰਧਾਂ ਉੱਤੇ ਘਾਹ
4. ਵਾਸ਼ਨਾ
5. ਲਲਕਰ
6. ਧੀ ਜੋ ਹੋਈ

**ਉਰਦੂ ਸ਼ਾਇਰੀ ਪਰਾਗੇ** :

1. ਆਰਜ਼ੂ-ਏ-ਸਹਰ
2. ਮਹਾਜਰ ਪਰਿੰਦੇ
3. ਧੀਮੀ ਅਜ਼ਾਨੇ

| | | |
|---|---|---|
| **ਖੋਜ ਕਾਰਜ** | : | ਐੱਮ.ਫਿਲ ਥੀਸਿਸ "ਜ਼ਫ਼ਰ ਅਵਾਨ ਦੀ ਸ਼ਾਇਰੀ ਦਾ ਮੌਜੂਆਤੀ ਮੁਤਾਲਿਆ" ਰਿਸਰਚ ਸਕਾਲਰ "ਹਿਰਾ ਕੰਵਲ" ਯੂਨੀਵਰਸਿਟੀ ਆਫ਼ ਸਿਆਲਕੋਟ ਪਾਕਿਸਤਾਨ |



**ਤਨਜ਼ੀਮੀ ਜ਼ਿੰਮੇਵਾਰੀਆਂ** :

ਅਦਬੀ ਵ ਸਕਾਫ਼ਤੀ ਤਨਜ਼ੀਮ "ਬੇਲੀ" ਡੈਨਮਾਰਕ, ਯੂਰਪ

**ਕਿਤਾਬਾਂ ਲਈ ਮਿਲਣ ਵਾਲੇ ਅਵਾਰਡ** :

ਦਰੀਚਾ ਅਦਬੀ ਅਵਾਰਡ ਓਸਲੋ ਨਾਰਵੇ 2017
ਅਲਾਮਾ ਇਕਬਾਲ ਅਵਾਰਡ 2019
ਸੋਚ ਅਦਬੀ ਅਵਾਰਡ (ਕੰਧਾਂ ਉੱਤੇ ਘਾਹ) 2019
ਅਲੀ ਅਰਸ਼ਦ ਮੀਰ ਅਵਾਰਡ (ਕੰਧਾਂ ਉੱਤੇ ਘਾਹ) 2020
ਦਿਲ ਦਰਿਆ ਪਾਕਿਸਤਾਨ ਦੂਜਾ ਗ਼ਜ਼ਲ ਅਵਾਰਡ (ਕੰਧਾਂ ਉੱਤੇ ਘਾਹ) 2020
ਕਾਰ-ਏ-ਖ਼ੈਰ ਪਾਕਿਸਤਾਨ ਗੋਲਡ ਮੈਡਲ ਬੁੱਕ ਅਵਾਰਡ (ਕੰਧਾਂ ਉੱਤੇ ਘਾਹ) 2020
ਨਕੀਬੀ ਕਾਰਵਾਂ ਅਦਬ ਅਵਾਰਡ (ਕੰਧਾਂ ਉੱਤੇ ਘਾਹ) 2021
ਬਸ਼ੀਰ ਰਹਿਮਾਨੀ ਅਦਬੀ ਅਵਾਰਡ (ਕੰਧਾਂ ਉੱਤੇ ਘਾਹ) 2020
ਮੌਲਾ ਸ਼ਾਹ ਅਦਬੀ ਅਵਾਰਡ 2022
ਭੇਲ ਇੰਟਰਨੈਸ਼ਨਲ ਅਦਬੀ ਅਵਾਰਡ 2022
ਪਾਕ ਬ੍ਰਿਟਿਸ਼ ਆਰਟਸ ਆਲਮੀ ਪੰਜਾਬੀ ਸੇਵਕ ਅਵਾਰਡ ਜੂਨ 2022
ਸਾਈਂ ਹਯਾਤ ਪਸਰੂਰੀ ਅਵਾਰਡ ਫਰਵਰੀ 2022
ਮੌਲਾਨਾ ਅਬਦੁਲ ਸੱਤਾਰ ਆਲਮੀ ਅਵਾਰਡ ਨਵੰਬਰ 2022
ਬਜ਼ਮ-ਏ-ਰਫ਼ੀਕ ਅਦਬੀ ਅਵਾਰਡ ਨਵੰਬਰ 2022
ਭੇਲ ਇੰਟਰਨੈਸ਼ਨਲ ਅਦਬੀ ਅਵਾਰਡ (ਤਿੰਨ ਗੋਲਡ ਮੈਡਲ 2023)
ਭੇਲ ਇੰਟਰਨੈਸ਼ਨਲ ਗ਼ਜ਼ਲ ਅਵਾਰਡ 2023
ਮੁੰਗੇਰਾ ਅਦਬੀ ਅਵਾਰਡ 2023
ਅਰਾਈਂ ਅਦਬੀ ਸੰਗਤ ਅਵਾਰਡ ਜਮਾਲਪੁਰ, ਨਨਕਾਣਾ ਸਾਹਿਬ 2023
ਸ਼ੇਰ ਰੱਬਾਨੀ ਅਦਬੀ ਅਵਾਰਡ 2023
ਮਹਿਰੀਆ ਨਸੀਰ ਅਦਬੀ ਅਵਾਰਡ 2023
ਰਾਏ ਅਹਿਮਦ ਖਾਨ ਖਰਲ ਸ਼ਹੀਦ ਅਦਬੀ ਅਵਾਰਡ 2023
ਆਲ ਪਾਕਿਸਤਾਨ ਅੱਲਾਮਾ ਇਕਬਾਲ ਅਵਾਰਡ 2023
ਬਸ਼ੀਰ ਰਹਿਮਾਨੀ ਅਦਬੀ ਅਵਾਰਡ 2023
ਸਾਂਝਾ ਵਿਹੜਾ ਪੰਜਾਬ ਦਾ "ਪੰਜਾਬੀ ਸੇਵਕ" ਅਵਾਰਡ 2023
ਗਲੋਰੀਅਸ ਅਦਬੀ ਅਵਾਰਡ 2023
ਅਲਫ਼ਾਨੋਸ ਅਦਬੀ ਅਵਾਰਡ 2023

ਕੇ.ਐੱਮ.ਐੱਸ. ਅਦਬੀ ਅਵਾਰਡ 2023
ਮਹਿਕਾਂ ਅਦਬੀ ਅਵਾਰਡ 2023
ਫ਼ਜ਼ੀਲਤ ਜਹਾਂ ਗੋਲਡ ਮੈਡਲ ਐੱਫ.ਜੇ. ਰਾਈਟਰਜ਼ ਫ਼ੋਰਮ ਪਾਕਿਸਤਾਨ 2023
ਅਲ ਮਸ਼ਰਿਕ ਅਵਾਰਡ ਗੋਲਡ ਮੈਡਲ 2023
ਰੋਜ਼ਨ ਅਦਬੀ ਅਵਾਰਡ 2023
ਵਰਲਡ ਪੰਜਾਬੀ ਫੋਰਮ ਅਵਾਰਡ 2023
ਮੌਲਾ ਸ਼ਾਹ ਅਵਾਰਡ 2023
ਅਲ ਵਕੀਲ ਅਦਬੀ ਅਵਾਰਡ 2023
ਨਜ਼ਵਾ ਇੰਟਰਨੈਸ਼ਨਲ ਅਦਬੀ ਅਵਾਰਡ 2023
ਦਿਲ ਦਰਿਆ ਪਾਕਿਸਤਾਨ ਪਹਿਲਾ ਗ਼ਜ਼ਲ ਅਵਾਰਡ 2023
ਵਾਰਿਸ ਸ਼ਾਹ ਆਲਮੀ ਅਵਾਰਡ 2023
ਪੰਜਾਬ ਇੰਸਟੀਚਿਊਟ ਆਫ਼ ਲੈਂਗੁਏਜ ਆਰਟ ਐਂਡ ਕਲਚਰ ਸ਼ਾਇਰੀ ਅਵਾਰਡ 2023
ਅਵਾਰਡ ਬਰਾਏ-ਹੁਸਨ-ਏ-ਕਾਰਕਰਦਗੀ ਕਾਰਵਾਂ-ਏ-ਕਲਮ
ਵੈਲਫੇਅਰ ਸੁਸਾਇਟੀ ਸਿਆਲਕੋਟ 2023
ਗੁਡ ਵਿਸ਼ਰਜ਼ ਪਾਕਿਸਤਾਨ ਅਵਾਰਡ 2023
ਰਾਬਿਆ ਬੀਬੀ ਅਦਬੀ ਅਵਾਰਡ 2023
ਪੰਜਾਬੀ ਸੇਵਕ ਅਵਾਰਡ ਨਕੀਬੀ ਕਾਰਵਾਂ-ਏ-ਅਦਬ ਫ਼ੈਸਲਾਬਾਦ 2023



# ਕੁਝ ਸ਼ਬਦ ਸੰਪਾਦਕ ਵੱਲੋਂ

ਭਾਸ਼ਾ ਸੰਚਾਰ ਦਾ ਇੱਕ ਅਜਿਹਾ ਸਾਧਨ ਹੈ, ਜਿਸ ਰਾਹੀਂ ਮਨੁੱਖ ਅਪਣੇ ਮਨ ਦੇ ਹਾਵ-ਭਾਵ ਦੂਜਿਆਂ ਸਾਹਮਣੇ ਪ੍ਰਗਟ ਕਰਦਾ ਹੈ ਅਤੇ ਦੂਜਿਆਂ ਦੇ ਵਿਚਾਰ ਸੁਣਨ-ਸਮਝਣ ਦੇ ਸਮਰੱਥ ਹੁੰਦਾ ਹੈ।

ਲਹਿੰਦੇ ਪੰਜਾਬ ਦਾ ਸ਼ਾਇਰ ਜ਼ਫ਼ਰ ਅਵਾਨ ਅਪਣੇ ਮਨ ਦੇ ਹਾਵ-ਭਾਵ ਮਿੱਠੀ ਪਿਆਰੀ ਅਪਣੀ ਮਾਤ-ਭਾਸ਼ਾ ਪੰਜਾਬੀ ਰਾਹੀਂ ਪ੍ਰਗਟ ਕਰਦਿਆਂ ਕਿਧਰੇ ਵੀ ਉੱਕਦਾ ਨਹੀਂ, ਰੁਕਦਾ ਨਹੀਂ। ਉਹ ਸਮਾਜਿਕ ਰਿਸ਼ਤਿਆਂ ਦੀ ਬਾਤ ਵੀ ਬਾਖ਼ੂਬੀ ਪਾਉਂਦਾ ਹੈ ਅਤੇ ਸਮਾਜਿਕ ਤਾਣੇ-ਬਾਣੇ ਨੂੰ ਅਪਣੇ ਸ਼ਬਦਾਂ 'ਚ ਸੂਖ਼ਮਤਾ ਨਾਲ਼ ਬਿਆਨਦਾ ਹੈ।

ਛੋਟੀਆਂ-ਛੋਟੀਆਂ ਅਰਥ ਭਰਪੂਰ ਉਸਦੀਆਂ ਗ਼ਜ਼ਲਾਂ ਜਜ਼ਬਾਤੀ ਤੌਰ 'ਤੇ ਮਨ ਨੂੰ ਛੂੰਹਦੀਆਂ ਹਨ। ਕਈ ਸਵਾਲ ਵੀ ਖੜ੍ਹੇ ਕਰਦੀਆਂ ਹਨ।

ਜਦੋਂ ਲੇਖਕ ਦੀ ਲਿਖਤ ਕਈ ਸਵਾਲ ਖੜ੍ਹੇ ਕਰਦੀ ਹੈ ਅਤੇ ਮਨੁੱਖ ਅੰਦਰ ਜੀਵਨ ਜੀਊਣ ਦੀ ਚਾਹਤ ਪੈਦਾ ਕਰਦੀ ਹੈ ਤਾਂ ਉਹ ਸਾਰਥਿਕ ਗਿਣੀ ਜਾਂਦੀ ਹੈ। ਸ਼ਾਇਰ ਜ਼ਫ਼ਰ ਅਵਾਨ ਪ੍ਰਸਥਿਤੀਆਂ, ਸਮਾਜਿਕ ਆਲ਼ੇ-ਦੁਆਲ਼ੇ, ਆਰਥਿਕ ਤੰਗੀਆਂ ਤੁਰਸ਼ੀਆਂ ਦਾ ਵਰਨਣ ਕਰਦਿਆਂ-ਕਰਦਿਆਂ ਲੋਕਾਂ ਦੇ ਵਿਸ਼ਵਾਸ਼, ਕਦਰਾਂ-ਕੀਮਤਾਂ, ਰਸਮੋਂ-ਰਿਵਾਜ਼ ਅਤੇ ਜੀਵਨ ਦੇ ਤੌਰ-ਤਰੀਕਿਆਂ ਦਾ ਇਸ ਢੰਗ ਨਾਲ਼ ਵਰਣਨ ਕਰਦਾ ਹੈ ਕਿ ਜਾਪਦਾ ਹੀ ਨਹੀਂ ਕਿ ਉਹ ਧਰਤੀ ਤੋਂ ਪਰੇ ਕਿਸੇ ਸੁਪਨ-ਦੁਨੀਆ ਦੀ ਗੱਲ ਕਰਦਾ ਹੈ।

ਉਹਦੀ ਲਿਖਤ ਲਹਿੰਦੇ-ਚੜ੍ਹਦੇ ਪੰਜਾਬ ਦੇ ਸੱਭਿਆਚਾਰ (ਜੋ ਪਹਿਲਾਂ ਸੱਤ ਦਰਿਆਵਾਂ ਦੀ ਧਰਤੀ ਸਪਤ ਸਿੰਧੂ ਸੀ ਫਿਰ ਹੁਣ ਪੰਜਾਂ ਦਰਿਆਵਾਂ ਦੀ ਧਰਤੀ ਪੰਜਾਬ ਹੈ) ਬੌਧਿਕ ਗਿਆਨ, ਵਿਚਾਰਾਂ ਦੀ ਸਾਂਝ ਅਤੇ ਧਰਤੀ ਨਾਲ਼ ਜੁੜੇ ਲੋਕਾਂ ਦੀ ਤਰਜ਼ਮਾਨੀ ਕਰਨ ਵਾਲੀ ਲਿਖਤ ਹੈ।



## ਜ਼ਫ਼ਰ ਅਵਾਨ

ਜ਼ਫ਼ਰ ਅਵਾਨ ਦੀਆਂ ਡੂੰਘੀਆਂ ਅੱਖਾਂ ਵਿੱਚੋਂ ਘਰਾਲਾਂ ਵਗ ਰਹੀਆਂ ਹਨ। ਉਹ ਰੋਂਦਾ ਹੈ, ਕਵਿਤਾ ਬਣਦੀ ਹੈ। ਉਹ ਦਰਦ ਮਹਿਸੂਸ ਕਰਦਾ ਹੈ, ਕਵਿਤਾ ਬਣਦੀ ਹੈ। ਉਹ ਇਸਤਰੀ-ਸੰਸਾਰ ਪ੍ਰਤੀ ਹਟਕੋਰੇ ਭਰਦਾ ਹੈ, ਕਵਿਤਾ ਬਣਦੀ ਹੈ। ਜ਼ਫ਼ਰ ਅਵਾਨ ਦੀ ਕਵਿਤਾ ਸੂਖ਼ਮ ਹੈ, ਸੁਫ਼ਨਿਆਂ ਵਰਗੀ ਹੈ, ਨਿੱਗਰ ਹੈ।

ਹੱਸਦਿਆਂ-ਹੱਸਦਿਆਂ ਜੀਵਨ ਤੇ ਸੀਨੇ ਨੂੰ ਫਰੋਲ ਕੇ, ਸਮਾਜਕ ਬੁਰਾਈਆਂ ਨੂੰ ਬਾਹਰ ਸੁੱਟਣ ਦਾ ਕੰਮ ਜ਼ਫ਼ਰ ਦੇ ਹਿੱਸੇ ਆਇਆ ਹੈ। ਥੱਕੇ, ਹਫ਼ੇ, ਭੁੱਖੇ ਤੇ ਠੋਕਰਾਂ ਨਾਲ ਚੂਰ-ਚੂਰ ਹੋਏ ਮਨੁੱਖ ਦੀ ਗਾਥਾ ਉਸ ਦੀ ਲੇਖਣੀ ਦਾ ਧੁਰਾ ਹੈ।

ਲਹਿੰਦੇ ਪੰਜਾਬ ਦੇ ਸ਼ਾਇਰ ਜ਼ਫ਼ਰ ਅਵਾਨ ਦੀ ਕਿਤਾਬ 'ਧੀ ਜੋ ਹੋਈ' ਨੂੰ ਪੰਜਾਬੀ ਸਾਹਿਤ ਸੰਸਾਰ ਵਿੱਚ 'ਜੀ ਆਇਆਂ'।

ਸੰਪਾਦਕ - ਪ੍ਰਿੰ. ਗੁਰਮੀਤ ਸਿੰਘ ਪਲਾਹੀ

ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ

*PUNJABI VIRSA TRUST (Regd.)*
*VPO. PALAHI, TEH. PHAGWARA - 144403*
*M.: 98158-02070*
*gurmitpalahi@yahoo.com, www.ajdapunjab.com*

ISBN 81-965259-7-2
978-81-965259-7-2
Rs. 270/-